# ਇਸ ਦਿਨ ਲਈ ਪ੍ਰਮੇਸ਼ੁਰ ਨੇ ਕੀ ਵਾਅਦਾ ਕੀਤਾ ਹੈ

# What God Has Promised for This Day

**ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਦੀ ਭਾਲ ਕਰ ਰਹੇ ਹੋ। ਜੇ ਤੁਸੀਂ ਅੱਜ ਦੇ ਵਾਅਦੇ ਦੀ ਪੂਰਤੀ ਨੂੰ ਉਡੀਕ ਰਹੇ ਹੋ, ਤਾਂ ਤੁਸੀਂ ਇਸ ਨੂੰ ਵੇਖੋਗੇ;** ਪਰ ਜੇ ਤੁਸੀਂ ਕੁਝ ਬੌਧਿਕ, ਜਾਂ ਉਹ ਚੀਜ਼ ਲੱਭ ਰਹੇ ਹੋ ਜਿਹੜੀ ਕਿ ਉਹ ਹਮੇਸ਼ਾ ਤੋਂ ਲੱਭਦੇ ਆ ਰਹੇ ਹਨ– ਕੋਈ ਮਹਾਨ ਬਾਨੀ, ਕੋਈ ਇਤਿਹਾਸਕਾਰ, ਕੋਈ ਹੋਰ ਇਨਸਾਨ, ਜਾਂ ਕੁਝ ਹੋਰ–ਤੁਸੀਂ ਇਸ ਨੂੰ ਵੇਖਣ ਵਿਚ ਅਸਫਲ ਹੋ ਜਾਓਗੇ। ਪਰ ਜਦ ਤੁਸੀਂ ਉਸ ਨੂੰ ਵਚਨ ਰਾਹੀਂ ਵੇਖਦੇ ਹੋ, ਤਾਂ ਵਚਨ ਘੋਸ਼ਣਾ ਕਰਦਾ ਹੈ ਕਿ ਉਹ ਕੋਣ ਹੈ! [1]

ਅੱਜ ਦੇ ਦਿਨ ਦੇ ਕੁਝ ਵਾਅਦੇ ਇਹ ਹਨ:–

## *1) ਲਾੜੀ ਦਾ ਵਿਆਹ*

**ਯਿਸੂ ਨੇ ਕਿਹਾ,"ਜਿਸ ਤਰ੍ਹਾਂ ਸਦੂਮ ਦੇ ਦਿਨਾਂ ਵਿੱਚ ਹੋਇਆ,"ਹੁਣ ਧਿਆਨ ਨਾਲ ਦੇਖੋ" ਜਿਸ ਤਰ੍ਹਾਂ ਸਦੂਮ ਦੇ ਦਿਨਾਂ ਵਿੱਚ ਸੀ, ਇਸੇ ਤਰ੍ਹਾਂ ਉਸ ਦਿਨ ਵੀ ਹੋਵੇਗਾ ਜਾਂ ਮਨੁੱਖ ਦਾ ਪੁੱਤਰ ਆਵੇਗਾ, ਜਦ ਮਨੁੱਖ ਦਾ ਪੁੱਤਰ ਪ੍ਰਗਟ ਹੋਵੇਗਾ।" (ਲੂਕਾ 17:26–30)।** ਹੁਣ ਕਲੀਸਿਯਾ ਦੇ ਰੂਪ ਵਿੱਚ ਹੋਰ ਨਹੀਂ, ਹੋਰ ਨਹੀਂ, ਲਾੜੀ ਬੁਲਾ ਲਈ ਗਈ ਹੈ। "ਉਸ ਦਿਨ ਮਨੁੱਖ ਦਾ ਪੁੱਤਰ ਪ੍ਰਗਟ ਹੋਵੇਗਾ।" **ਕਿਸ ਲਈ? ਕਲੀਸਿਯਾ ਨੂੰ ਸਿਰ ਨਾਲ ਜੋੜਨ ਲਈ, ਇੱਕ ਹੋਣ ਲਈ, ਲਾੜੀ ਦੇ ਵਿਆਹ ਲਈ।**

**ਲਾੜੇ ਦਾ ਬੁਲਾਵਾ ਇਸੇ ਦੇ ਰਾਹੀਂ ਆਵੇਗਾ, ਜਦ ਮਨੁੱਖ ਦਾ ਪੁੱਤਰ ਹੇਠਾਂ ਆਵੇਗਾ (1ਥੱਸਲੁਨੀਕੀਆਂ 4:16) ਅਤੇ ਦੋਨਾਂ ਨੂੰ ਇੱਕ ਕਰਨ ਲਈ ਮਨੁੱਖੀ ਦੇਹ ਵਿੱਚ ਆਵੇਗਾ। ਕਲੀਸਿਯਾ ਨੂੰ ਵਚਨ ਹੋਣਾ ਪੈਣਾ ਹੈ, ਉਹ ਵਚਨ ਹੈ, ਅਤੇ ਦੋਵੇਂ ਇੱਕ ਹੋ ਜਾਂਦੇ ਹਨ, ਅਤੇ ਅਜਿਹਾ ਹੋਣ ਲਈ ਇਹ ਮਨੁੱਖ ਦੇ ਪੁੱਤਰ ਨੂੰ ਪ੍ਰਗਟ ਕੀਤੇ ਜਾਣ ਦੇ ਪ੍ਰਕਾਸ਼ ਨੂੰ ਲਵੇਗੀ।** ਪਾਦਰੀ ਨਹੀਂ। ਮੈਨੂੰ ਨਹੀਂ ਪਤਾ... ਕੀ ਤੁਸੀਂ ਵੇਖਦੇ ਹੋ ਕਿ ਮੇਰਾ ਕੀ ਮਤਲਬ ਹੈ?

ਵੇਖੋ, ਇਹ ਮਨੁੱਖ ਦਾ ਪੁੱਤਰ ਹੈ, **ਯਿਸੂ ਮਸੀਹ** ਮਨੁੱਖੀ ਦੇਹ ਵਿੱਚ ਸਾਡੇ ਵਿਚਕਾਰ ਹੇਠਾਂ ਆਵੇਗਾ, **ਅਤੇ ਉਹ ਆਪਣੇ ਵਚਨ ਨੂੰ ਇੰਨਾ ਅਸਲੀ ਬਣਾਵੇਗਾ ਕਿ ਇਹ ਉਸ ਨੂੰ ਅਤੇ ਲਾੜੀ ਨੂੰ ਇੱਕ ਕਰ ਦੇਵੇਗਾ, ਲਾੜੀ, ਅਤੇ ਫਿਰ ਲਾੜੀ ਘਰ, ਵਿਆਹ ਦੇ ਭੋਜ ਤੇ ਚਲੀ ਜਾਵੇਗੀ।** ਆਮੀਨ। **ਉਹ ਪਹਿਲਾਂ ਹੀ ਏਕਤਾ ਵਿੱਚ ਆ ਚੁੱਕੀ ਹੈ; ਅਸੀਂ ਵਿਆਹ ਦੇ ਭੋਜ ਵਿੱਚ ਜਾਵਾਂਗੇ, ਵਿਆਹ ਵਿੱਚ ਨਹੀਂ। ਪਰ ਸੁਰਗ ਤੇ ਉਠਾਏ ਜਾਣਾ ਵਿਆਹ ਦੇ ਭੋਜ ਵਿੱਚ ਜਾਣਾ ਹੈ। ਜਦੋਂ ਇੱਥੇ ਵਚਨ ਵਿਅਕਤੀ ਦੇ ਨਾਲ ਇੱਕਜੁੱਟ ਹੋ ਜਾਂਦਾ ਹੈ, ਉਹ ਦੋਵੇਂ ਇੱਕ ਬਣ ਜਾਂਦੇ ਹਨ,** ਅਤੇ ਫਿਰ ਇਹ ਕੀ ਕਰਦਾ ਹੈ? **ਇਹ ਮਨੁੱਖ ਦੇ ਪੁੱਤਰ ਨੂੰ ਦੁਬਾਰਾ ਪ੍ਰਗਟ ਕਰਦਾ ਹੈ, ਚਰਚ ਦੇ ਧਰਮ ਸ਼ਾਸਤਰੀਆਂ ਨੂੰ ਨਹੀਂ, ਮਨੁੱਖ ਦੇ ਪੁੱਤਰ ਨੂੰ ਪ੍ਰਗਟ ਕਰਦਾ ਹੈ। ਵਚਨ ਅਤੇ ਕਲੀਸਿਯਾ ਇੱਕ ਬਣ ਜਾਂਦੇ ਹਨ।**

**ਜੋ ਕੁਝ ਵੀ ਮਨੁੱਖ ਦੇ ਪੁੱਤਰ ਨੇ ਕੀਤਾ, ਉਹ ਵਚਨ ਸੀ ਤੇ ਕਲੀਸਿਯਾ ਵੀ ਉਹੀ ਕਰਦੀ ਹੈ** (ਪ੍ਰਕਾਸ਼ ਦੀ ਪੋਥੀ **19:6–9**)। [2]

**2) ਮਨੁੱਖ ਦਾ ਪੁੱਤਰ ਫਿਰ ਵਾਪਸ ਕਲੀਸਿਯਾ ਵਿੱਚ,** ਮਨੁੱਖਾਂ ਵਿੱਚ ਪ੍ਰਗਟ ਹੋਇਆ ਹੈ, ਪ੍ਰਮੇਸ਼ੁਰ ਦਾ ਪੁੱਤਰ ਨਹੀਂ, **ਪਰ ਮਨੁੱਖ ਦਾ ਪੁੱਤਰ ਫਿਰ, ਅੰਤ ਦੇ ਦਿਨਾਂ ਵਿੱਚ ਆਪਣੀ ਕਲੀਸਿਯਾ ਵਿੱਚ ਫਿਰ ਪ੍ਰਗਟ ਹੋਇਆ ਹੈ**। ਅਸੀਂ ਦੇਖਦੇ ਹਾਂ ਕਿ ਪ੍ਰਮੇਸ਼ੁਰ ਦੇ ਵਾਦਿਆਂ ਵਿੱਚ, ਉਸ ਨੇ ਇਹ ਵਾਅਦਾ ਕੀਤਾ ਹੋਇਆ ਸੀ।

ਅਤੇ ਅਸੀਂ ਇੱਥੇ ਵੇਖਦੇ ਹਾਂ, ਕਿ ਪ੍ਰਮੇਸ਼ੁਰ ਹਮੇਸ਼ਾ ਹੀ ਚਮੜੀ ਪਹਿਨੇ ਹੋਏ ਰਿਹਾ ਹੈ। ਜਦੋਂ ਮੂਸਾ ਨੇ ਉਸ ਨੂੰ ਵੇਖਿਆ, ਤਾਂ ਉਸ ਨੇ ਚਮੜੀ ਪਹਿਨੀ ਹੋਈ ਸੀ; ਉਹ ਮਨੁੱਖ ਵਰਗਾ ਵਿਖਾਈ ਦਿੰਦਾ ਸੀ (ਕੂਚ **33:12–23**)। ਜਦੋਂ ਪ੍ਰਮੇਸ਼ੁਰ ਪਰਦਿਆਂ ਦੇ ਪਿੱਛੇ ਸੀ, ਤਾਂ ਉਸ ਨੇ ਚਮੜੀ ਪਹਿਨੀ ਹੋਈ ਸੀ। **ਅਤੇ ਪ੍ਰਮੇਸ਼ੁਰ ਅੱਜ ਵੀ ਕਲੀਸਿਯਾ ਵਿੱਚ ਚਮੜੀ ਪਹਿਨੇ ਹੋਏ ਪਰਦੇ ਦੇ ਪਿੱਛੇ ਹੈ। ਉਹ ਅੱਜ ਵੀ ਉਹੀ ਪ੍ਰਮੇਸ਼ੁਰ ਹੈ**। ਅਸੀਂ ਇਹ ਵੇਖਦੇ ਹਾਂ।

ਪਰ ਹੁਣ, ਹਮੇਸ਼ਾ ਦੀ ਤਰ੍ਹਾਂ, ਚਮੜੀ ਦਾ ਪਰਦਾ ਉਹ ਹੈ ਜੋ ਰੀਤੀ ਰਿਵਾਜਾਂ ਨੂੰ ਫੜ੍ਹ ਲੈਂਦਾ ਹੈ। ਉਹ ਬਸ ਇਹ ਵਿਸ਼ਵਾਸ ਨਹੀਂ ਕਰ ਸਕਦੇ, ਕਿ ਇਹ ਪ੍ਰਮੇਸ਼ੁਰ ਹੀ ਹੈ ਜੋ ਉਨ੍ਹਾਂ ਲੋਕਾਂ ਤੋਂ ਉਸ ਤਰ੍ਹਾਂ ਕਰਵਾ ਰਿਹਾ ਹੈ। ਸਮਝੇ? **ਇਹ ਇਸ ਲਈ ਹੈ, ਕਿਉਂਕਿ ਪ੍ਰਮੇਸ਼ੁਰ ਆਪਣੀ ਕਲੀਸਿਯਾ ਦੇ ਪਰਦੇ ਵਿੱਚ ਹੈ; ਚਮੜੀ ਵਿਚ, ਚਮੜੀ ਪਹਿਨੇ ਹੋਏ ਹੈ**। ਇਹ ਠੀਕ ਗੱਲ ਹੈ। **ਉਹ ਅਵਿਸ਼ਵਾਸੀਆਂ ਤੋਂ ਲੁਕਿਆ ਰਹਿੰਦਾ ਹੈ ਅਤੇ ਵਿਸ਼ਵਾਸੀਆਂ ਤੇ ਪ੍ਰਗਟ ਹੁੰਦਾ ਹੈ**। ਜੀ ਹਾਂ, ਸ਼੍ਰੀਮਾਨ!

ਹੁਣ ਜਦ ਉਨ੍ਹਾਂ ਦੇ ਬਜ਼ੁਰਗਾਂ ਦੇ ਰੀਤਾਂ–ਰਿਵਾਜਾਂ ਦਾ ਪਰਦਾ ਤੋੜਿਆ ਜਾਂਦਾ ਹੈ, ਅਤੇ ਵਚਨ ਨਾਲ ਤੋੜ ਦਿੱਤਾ ਜਾਂਦਾ ਹੈ (ਔਹ, ਬੇਸ਼ੱਕ ਅੱਜ ਵੀ ਇਸੇ ਤਰ੍ਹਾਂ ਹੈ), ਫਿਰ ਉਹ ਸਾਫ਼ ਵਿਖਾਈ ਦੇਣ ਲੱਗ ਪੈਂਦਾ ਹੈ, ਅਸੀਂ ਉਸਨੂੰ ਵੇਖਦੇ ਹਾਂ : **ਪ੍ਰਮੇਸ਼ੁਰ ਫਿਰ ਤੋਂ ਮਨੁੱਖੀ ਸਰੀਰ ਦੇ ਪਰਦੇ ਦੇ ਪਿੱਛੇ ਵਿਖਾਈ ਦਿੰਦਾ ਹੈ**। ਇਬਰਾਨੀਆਂ **1** ਇਸ ਤਰ੍ਹਾਂ ਕਹਿੰਦੀ ਹੈ, ਅਤੇ ਉਤਪਤ **18:1–18** ਵੀ। ਤੁਸੀਂ ਯਾਦ ਰੱਖੋ, ਕਿ ਪ੍ਰਮੇਸ਼ੁਰ ਇੱਕ ਮਨੁੱਖ ਸੀ, ਉਹ ਉੱਥੇ ਖੜ੍ਹਾ ਅਬਰਾਹਾਮ ਨਾਲ ਗੱਲਾਂ ਕਰ ਰਿਹਾ ਸੀ ਅਤੇ ਭੋਜਨ ਖਾ ਰਿਹਾ ਸੀ, ਅਤੇ ਉਸ ਨੇ ਦੱਸਿਆ ਸੀ, ਕਿ ਪਿੱਛੇ ਤੰਬੂ ਦੇ ਅੰਦਰ ਸਾਰਾਹ ਕੀ ਕਰ ਰਹੀ ਸੀ। ਅਤੇ ਯਿਸੂ ਨੇ ਕਿਹਾ,"ਜਿਸ ਤਰ੍ਹਾਂ ਸਦੂਮ ਦੇ ਦਿਨਾਂ ਵਿੱਚ ਹੋਇਆ, ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਤੇ ਹੋਵੇਗਾ।" **ਪ੍ਰਮੇਸ਼ੁਰ ਫਿਰ ਤੋਂ ਮਨੁੱਖੀ ਦੇਹ ਦੇ ਪਰਦੇ ਪਿੱਛੇ ਹੈ**।

ਹੁਣ ਯਾਦ ਰੱਖੋ, ਕਿ ਯਿਸੂ ਨੇ ਇਹ ਨਹੀਂ ਕਿਹਾ ਕਿ, "ਜਦੋਂ ਪ੍ਰਮੇਸ਼ੁਰ ਦਾ ਪੁੱਤਰ ਪ੍ਰਗਟ ਹੁੰਦਾ ਹੈ," ਲੂਕਾ **17** ਦੀ **30** ਵਿਚ; ਉਸ ਨੇ ਕਿਹਾ ਸੀ," ਜਦੋਂ ਮਨੁੱਖ ਦਾ ਪੁੱਤਰ ਪ੍ਰਗਟ ਹੁੰਦਾ ਹੈ," **ਮਨੁੱਖ ਦਾ ਪੁੱਤਰ ਫਿਰ ਦੁਬਾਰਾ ਕਲੀਸਿਯਾ ਵਿੱਚ, ਮਨੁੱਖਾਂ ਵਿੱਚ ਪ੍ਰਗਟ ਹੋਇਆ, ਪ੍ਰਮੇਸ਼ੁਰ ਦਾ ਪੁੱਤਰ ਨਹੀਂ, ਪਰ ਮਨੁੱਖ ਦਾ ਪੁੱਤਰ ਫਿਰ ਤੋਂ ਅੰਤ ਦੇ ਦਿਨਾਂ ਵਿੱਚ ਆਪਣੀ ਕਲੀਸਿਯਾ ਵਿਚ ਪ੍ਰਗਟ ਹੁੰਦਾ ਹੈ**। ਅਸੀਂ ਦੇਖਦੇ ਹਾਂ ਕਿ ਪ੍ਰਮੇਸ਼ੁਰ ਦੇ ਵਾਦਿਆਂ ਵਿਚ, ਉਸ ਨੇ ਇਹ ਵਾਅਦਾ ਕੀਤਾ ਹੋਇਆ ਸੀ।

ਅਸੀਂ ਇੱਕ ਹੋਰ ਚੀਜ਼ ਵੱਲ ਧਿਆਨ ਦਿੰਦੇ ਹਾਂ। ਪੁਰਾਣੇ ਨੇਮ ਵਿੱਚ, ਬੱਕਰੀਆਂ ਦੀਆਂ ਖੱਲਾਂ ਦਾ ਪੁਰਾਣਾ ਪਰਦਾ (ਕੂਚ **26:14**), ਇਹ ਕੀ ਕਰਦਾ ਸੀ? ਉਹ ਬੱਕਰੀਆਂ ਦੀ ਖੱਲ ਦਾ ਪਰਦਾ, **ਇਹ ਪ੍ਰਮੇਸ਼ੁਰ ਦੀ ਮਹਿਮਾਂ ਨੂੰ ਲੋਕਾਂ**

ਤੋਂ **ਛੁਪਾ ਕੇ ਰੱਖਦਾ ਸੀ।** ਇਹੀ ਕਾਰਨ ਸੀ, ਕਿ ਲੋਕ ਉਸ ਨੂੰ ਨਹੀਂ ਦੇਖ ਸਕਦੇ ਸਨ। ਕਿਉਂਕਿ ਇਹ ਖੱਲ ਸੀ ਜਿਹੜੀ ਉਸ ਨੂੰ ਢੱਕ ਕੇ ਰੱਖਦੀ ਸੀ.....**ਪ੍ਰਮੇਸ਼ੁਰ ਦੀ ਮਹਿਮਾ ਉਸ ਖੱਲ ਦੇ ਪਿੱਛੇ ਸੀ। ਅਤੇ ਹੁਣ ਪ੍ਰਮੇਸ਼ੁਰ ਦੀ ਮਹਿਮਾ ਤੁਹਾਡੀ ਖੱਲ ਦੇ ਪਿੱਛੇ ਹੈ।** (ਇਹ ਠੀਕ ਗੱਲ ਹੈ), **ਅਤੇ ਰੀਤੀ- ਰਿਵਾਜ ਇਸ ਨੂੰ ਨਹੀਂ ਵੇਖਦੇ। ਇਹ ਤਾਂ ਪਰਦੇ ਦਾ ਅੰਦਰਲਾ ਹਿੱਸਾ ਸੀ, ਜਿੱਥੇ ਉਸਦਾ ਵਚਨ ਸੀ।** [3]

**ਮਨੁੱਖ ਦਾ ਪੁੱਤਰ ਮਸੀਹ ਹੈ,** ਉਹੀ ਹੈ ਜਿਹੜਾ ਤੁਹਾਨੂੰ ਹੁਣ ਖੁਆ ਰਿਹਾ ਹੈ। ਤੁਸੀਂ ਕਿਸੇ ਮਨੁੱਖ ਦੁਆਰਾ ਨਹੀਂ ਖਾ ਰਹੇ ਹੋ; ਇੱਕ ਮਨੁੱਖ ਦੇ ਸ਼ਬਦ ਤਾਂ ਨਿਸਫ਼ਲ ਹੋ ਸਕਦੇ ਹਨ, **ਪਰ ਤੁਹਾਡਾ ਪੋਸ਼ਣ ਤਾਂ ਮਨੁੱਖ ਦੇ ਪੁੱਤਰ ਦੀ ਵਚਨ ਰੂਪੀ ਅਵਿਨਾਸ਼ੀ ਦੇਹ ਤੋਂ ਹੋ ਰਿਹਾ ਹੈ।** [4]

**3) ਅਤੇ ਹੁਣ, ਪੂਰਾ ਪਵਿੱਤਰ ਆਤਮਾ ਕਲੀਸਿਯਾ ਨੂੰ ਮਿਲਣ ਆਉਂਦਾ ਹੈ।** ਪ੍ਰਮੇਸ਼ੁਰ ਮਨੁੱਖੀ ਸਰੀਰ ਵਿੱਚ ਆਉਂਦਾ ਹੈ, ਜਿਸ ਤਰ੍ਹਾਂ ਉਹ ਸਦੂਮ ਨੂੰ ਸਾੜਨ ਤੋਂ ਪਹਿਲਾਂ ਸਰੀਰ ਵਿੱਚ ਆਇਆ ਸੀ, ਜੋ ਕਿ ਇੱਕ ਨਮੂਨਾ ਸੀ। [5]

**ਲਗਭਗ ਦੋ ਹਜ਼ਾਰ ਸਾਲਾਂ ਤੋਂ ਇਹਨਾਂ ਜੱਥੇਬੰਦੀਆਂ ਰੂਪੀ ਨਹਿਰਾਂ ਨੇ ਪਵਿੱਤਰ ਆਤਮਾ ਨੂੰ ਬੰਨਿਆ ਹੋਇਆ ਸੀ, ਪਰ ਇਸਨੇ ਸ਼ਾਮਾਂ ਦੇ ਵੇਲੇ, ਸ਼ਾਮਾਂ ਦੇ ਵੇਲੇ ਦੇ ਸੰਦੇਸ਼ ਰਾਹੀਂ ਖੁੱਲਣਾ ਸੀ। ਪਵਿੱਤਰ ਆਤਮਾ ਫਿਰ ਕਲੀਸਿਯਾ ਦੇ ਵਿੱਚ ਹੈ; ਸ਼ਾਮਾਂ ਦੇ ਵੇਲੇ ਮਸੀਹ ਆਪਣੇ ਆਪ ਨੂੰ ਮਨੁੱਖੀ ਦੇਹ ਵਿੱਚ ਪ੍ਰਗਟ ਕਰ ਰਿਹਾ ਹੈ।** ਉਸ ਨੇ ਕਿਹਾ ਸੀ, ਉਸ ਨੇ ਇਹ ਵਾਅਦਾ ਕੀਤਾ ਹੋਇਆ ਸੀ। [6]

**4) ਇਹ ਉਸ ਤੀਸਰੀ ਖਿੱਚ ਵਿੱਚ ਆਉਣਾ ਹੈ।**

**ਪਰ "ਇਹ ਜਨਤਕ ਪ੍ਰਦਰਸ਼ਨ ਨਹੀਂ ਹੋਵੇਗਾ।"**[7] ਹੁਣ ਕੋਈ ਨਕਲ ਨਹੀਂ ਹੋਵੇਗੀ, ਜਿਸ ਤਰ੍ਹਾਂ ਦੂਸਰੀਆਂ ਦੋ ਖਿੱਚਾਂ (ਜੋ ਕਿ ਚੰਗਾਈ ਅਤੇ ਦਿਲਾਂ ਦੇ ਖਿਆਲ ਬੁੱਝਣ) ਵਿੱਚ ਸੀ। ਅਤੇ ਪ੍ਰਭੂ ਅਸੀਂ ਤੀਸਰੀ ਖਿੱਚ ਨੂੰ ਉਡੀਕ ਰਹੇਂ ਹਾਂ, ਜਿਸ ਦੇ ਬਾਰੇ ਅਸੀਂ ਜਾਣਦੇ ਹਾਂ ਕਿ ਉਹ ਸਾਡੇ ਵਿਚਕਾਰ ਮਹਾਨ ਕੰਮ ਕਰੇਗੀ।[8] **ਇਹ ਬਿਲਕੁਲ ਪੂਰੀ ਤਰ੍ਹਾਂ ਨਾਸ਼ ਹੋਣ ਵਾਲਿਆਂ ਲਈ ਹੋਵੇਗੀ, ਪਰ ਇਹ ਸਿਰਫ ਲਾੜੀ ਅਤੇ ਕਲੀਸਿਯਾ ਲਈ ਹੋਵੇਗਾ।** [1]

ਪਰ ਕੀ ਤੁਸੀਂ ਧਿਆਨ ਦਿੱਤਾ, **ਇਹ ਉਸਦੇ ਅਧਿਕਾਰ ਨਾਲ ਦਿੱਤਾ ਗਿਆ ਸੀ।** ਮੈਂ ਕਦੇ ਉਸ ਤੋਂ ਨਹੀਂ ਮੰਗਿਆ ਸੀ ਕਿ," ਪ੍ਰਭੂ, ਮੈਨੂੰ ਇਹ ਕਰਨ ਦੇ, ਇਹ ਚੀਜ਼ਾਂ ਇਸ ਤਰ੍ਹਾਂ ਬੋਲ, ਇਹ ਚੀਜ਼ਾਂ ਉੱਥੇ ਕਰ।" ਮੈਂ ਕਦੇ ਉਸ ਤੋਂ ਉਹ ਨਹੀਂ ਮੰਗਿਆ। **ਉਹ ਆਪਣੀ ਰੱਬੀ ਮਰਜ਼ੀ ਨਾਲ ਮੇਰੇ ਕੋਲ ਆਇਆ ਅਤੇ ਕਿਹਾ ਸੀ,"ਤੂੰ ਜਾ ਅਤੇ ਇਹ ਕਰ।"** ਮੈਂ ਇਹਦੇ ਬਾਰੇ ਇੱਕ ਚੀਜ਼ ਵੀ ਨਹੀਂ ਮੰਗ ਰਿਹਾ ਸੀ। [9]

**5 ਅਸੀਂ ਹੁਣ ਸਿੱਧਤਾ ਵਿੱਚ ਆ ਰਹੇਂ ਹਾਂ, ਕਿਉਂਕਿ ਰੈਪਚਰ ਦੇ ਲਈ ਲੋਕਾਂ ਨੂੰ ਇਸ ਵਿੱਚ ਆਉਣਾ ਪੈਣਾ ਹੈ। ਇਹ ਹੀ ਹੈ ਜਿਸਨੇ ਇਸ (ਰੈਪਚਰ) ਨੂੰ ਰੋਕਿਆ ਹੋਇਆ ਹੈ, ਉਡੀਕ ਹੈ ਕਿ ਕਲੀਸਿਯਾ ਉਸ ਉਠਾਏ ਜਾਣ ਵਾਲੇ ਸਿੱਧ ਵਿਸ਼ਵਾਸ ਵਿੱਚ ਆਵੇ। ਇਹ ਸਿੱਧ ਸਥਾਨ ਹੈ (2 ਕੁਰਿੰਥੀਆਂ 5:1-8; ਯੂਹੰਨਾ 14:1-3), ਤੁਹਾਨੂੰ ਉਸ ਸਿੱਧਤਾ ਵੱਲ ਬੁਲਾ ਰਿਹਾ ਹੈ, ਅਤੇ ਉੱਥੇ ਜਾਣ ਦੇ ਲਈ ਤੁਹਾਨੂੰ ਸਿੱਧ ਹੋਣਾ ਪੈਣਾ ਹੈ। ਬਾਈਬਲ ਨੇ**

ਇਸ ਤਰ੍ਹਾਂ ਕਿਹਾ ਹੈ। ਯਿਸੂ ਨੇ ਕਿਹਾ,"ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ" (ਮੱਤੀ **5:48**; ਇਬਰਾਨੀਆਂ **10:14**)।

ਵਿਸ਼ਵਾਸ ਨਹੀਂ, **ਬਲਕਿ ਸਿੱਧ ਵਿਸ਼ਵਾਸ** ਨੂੰ ਅੰਦਰ ਪੈਦਾ ਕਰੋ। ਅਤੇ ਸੰਪੂਰਨ ਹਿਰਦੇ ਨਾਲ, ਸੰਪੂਰਨ ਪ੍ਰਮੇਸ਼ੁਰ ਨੂੰ ਵੇਖੋ ਜੋ ਆਪਣੇ ਸੰਪੂਰਨ ਵਚਨ ਨਾਲ, ਸੰਪੂਰਨ ਵਾਅਦੇ ਨੂੰ ਪੂਰਾ ਕਰਦਾ ਹੈ। [10]

ਉਹ ਜਿਹੜੇ ਪਿਛਲੇ ਯੁੱਗਾਂ ਦੇ ਵਿੱਚ ਰਹੇ ਸਨ, ਉਹ ਸੰਪੂਰਨ ਨਹੀਂ ਸਨ, **ਜਦ ਤਕ ਕਿ ਇਹ ਕਲੀਸਿਯਾ ਸੰਪੂਰਨ ਨਹੀਂ ਹੁੰਦੀ, ਇਸ ਅੰਤ ਦੇ ਦਿਨਾਂ ਦੇ ਦੁਲਹਨ ਰੂਪੀ ਸਮੂਹ** ਨੇ ਉਹਨਾਂ ਨੂੰ ਅੰਦਰ ਲਿਆਉਣਾ ਹੈ, ਤੇ ਸੱਭ ਇਕੱਠੇ ਹੋ ਕੇ ਉਤਾਂਹ ਉਠਾ ਲਏ ਜਾਣਗੇ (ਇਬਰਾਨੀਆਂ **11:39–40**)। **ਅਤੇ ਅੱਜ ਸਾਡੇ ਕੋਲ, ਪ੍ਰਮੇਸ਼ੁਰ ਦੀ ਮੱਦਦ ਦੁਆਰਾ, ਰੱਬੀ ਪ੍ਰਮਾਣਾਂ ਨਾਲ ਵਚਨ ਦਾ ਸਿੱਧ ਅਨੁਵਾਦ ਹੈ** [5] (1ਕੁਰਿੰਥੀਆਂ **13:9–10**)।

## 6) ਅੰਤ ਦੇ ਦਿਨਾਂ ਵਿੱਚ ਲੋਕਾਂ ਦੇ ਉੱਤੇ ਆਖਰੀ ਵਰਖਾ ਵਰ੍ਹਾਈ ਗਈ ਹੈ, (ਯੋਏਲ **2:28–32**)। ਮੈਂ ਸੋਚਦਾ ਹਾਂ, ਇਸ ਲਈ ਯੂਨਾਨੀ ਸ਼ਬਦ "ਕਿਨੋਸ" ਹੈ, ਜਿਸਦਾ ਅਰਥ ਹੈ, "**ਉਸਨੇ ਆਪਣੇ ਆਪ ਨੂੰ ਖਾਲੀ ਕੀਤਾ,**" ਇਸ ਤਰੀਕੇ ਨਾਲ ਨਹੀਂ ਕਿ ਅਸੀਂ ਕਹਾਂਗੇ ਕਿ ਉਸਦੇ ਅੰਦਰ ਕੁਝ ਸੀ ਜਿਸਨੂੰ ਉਸਨੇ ਖਾਲੀ ਕੀਤਾ, **ਪਰ ਉਸਨੇ ਤਾਂ ਆਪਣੇ ਆਪ ਨੂੰ ਹੀ ਉਂਡੇਲ ਦਿੱਤਾ**। ਉਸਨੇ ਆਪਣਾ "ਰੂਪ" ਬਦਲਿਆ। ਉਹ "ਜੋ ਉਹ ਸੀ" ਤੋਂ "ਜੋ ਉਹ ਹੈ", ਵਿੱਚ ਬਦਲ ਗਿਆ। ਉਹ ਆਪਣਾ ਸੁਭਾਅ ਕਦੇ ਨਹੀਂ ਬਦਲਦਾ। [3]

ਇਹ ਹੈ ਕਿ, ਉਸਨੇ ਆਪਣੇ ਆਪ ਨੂੰ ਬਦਲਿਆ, ਉਸਨੇ ਆਪਣੇ ਆਪ ਨੂੰ ਇੱਕ ਦੂਜੇ ਭੇਸ ਵਿੱਚ ਜਾਂ ਇੱਕ ਦੂਜੇ ਰੂਪ ਵਿੱਚ ਉਂਡੇਲ ਦਿੱਤਾ। ਉਸਦੇ ਵਿੱਚੋਂ ਪਵਿੱਤਰ ਆਤਮਾ ਅਖਵਾਉਣ ਵਾਲਾ ਕੋਈ ਦੂਜਾ ਵਿਅਕਤੀ ਨਿੱਕਲ ਕੇ ਨਹੀਂ ਗਿਆ, ਪਰ ਇਹ ਤਾਂ ਉਹ ਪ੍ਰਮੇਸ਼ੁਰ ਖੁੱਦ ਆਪ ਹੀ ਸੀ। ਤੁਹਾਨੂੰ ਸਮਝ ਲੱਗੀ? **ਉਸਨੇ ਆਪਣੇ ਆਪ ਨੂੰ ਲੋਕਾਂ ਦੇ ਵਿੱਚ ਉਂਡੇਲ ਦਿੱਤਾ: ਮਸੀਹ ਤੁਹਾਡੇ ਵਿੱਚ** (ਕੁਲੁੱਸੀਆਂ **1:26,27**)। ਕਿੰਨਾਂ ਸੋਹਣਾ, ਕਿੰਨਾਂ ਅਦਭੁੱਤ ਇਹ ਸੋਚਣਾ ਹੈ ਕਿ **ਪ੍ਰਮੇਸ਼ੁਰ ਆਪਣੇ ਆਪ ਨੂੰ ਮਨੁੱਖ ਵਿੱਚ, ਜਾਂ ਨਿਹਚਾਵਾਨ ਵਿੱਚ ਉਂਡੇਲ ਰਿਹਾ ਹੈ:** ਉਂਡੇਲਣਾ। ਇਸ ਤਰ੍ਹਾਂ ਕਰਨਾ ਉਸਦੇ ਨਾਟਕ (ਡਰਾਮੇ) ਦਾ ਹੀ ਇੱਕ ਹਿੱਸਾ ਸੀ। ਪ੍ਰਮੇਸ਼ੁਰ, ਪ੍ਰਮੇਸ਼ੁਰਤਾਈ ਦੀ ਸਾਰੀ ਭਰਪੂਰੀ, ਸਾਰੀ ਪ੍ਰਮੇਸ਼ੁਰਤਾਈ ਇਸ ਵਿਅਕਤੀ ਯਿਸੂ ਮਸੀਹ ਵਿੱਚ ਦੇਹਧਾਰੀ ਹੋ ਕੇ ਵਾਸ ਕਰਦੀ ਸੀ (ਕੁਲੁੱਸੀਆਂ **2:9**)। **ਉਹ ਤਾਂ ਕੇਵਲ ਪ੍ਰਮੇਸ਼ੁਰ ਹੀ ਸੀ, ਕੋਈ ਤੀਜਾ ਵਿਅਕਤੀ ਨਹੀਂ, ਨਾ ਹੀ ਦੂਜਾ ਵਿਅਕਤੀ, ਤੇ ਨਾ ਹੀ ਪਹਿਲਾ ਵਿਅਕਤੀ; ਪਰ ਉਹੋ ਹੀ ਇੱਕ ਵਿਅਕਤੀ, ਪ੍ਰਮੇਸ਼ੁਰ ਮਨੁੱਖੀ ਸਰੀਰ ਦੇ ਪੜ੍ਹਦੇ ਵਿੱਚ ਲੁਕਿਆ ਹੋਇਆ ਸੀ** [11] (1ਯੂਹੰਨਾ **5:20**)।

ਓਹ, **ਇਨ੍ਹਾਂ ਅੰਤਿਮ ਦਿਨਾਂ ਵਿੱਚ ਇੱਕ ਸੱਚੀ ਪਹਿਲੀ ਅਤੇ ਪਿਛਲੀ ਵਰਖਾ ਉਸ ਛੋਟੇ ਝੁੰਡ ਤੇ ਹੋਵੇਗੀ, ਜਿਹੜਾ ਉਸ ਦੇ ਨਾਲ ਇਸ ਛੋਟੇ ਗਧੇ ਤੇ ਸਵਾਰ ਹੋ ਕੇ ਆ ਰਿਹਾ ਹੈ, ਨਮਰ ਅਤੇ ਦੀਨ, ਕੋਈ ਸ਼ੱਕ ਜਾਂ ਜਥੇਬੰਦੀ ਨਹੀਂ, ਛੋਟਾ ਝੁੰਡ ਇਹ ਚਿਲਾਉਂਦਾ ਹੋਇਆ ਆ ਰਿਹਾ ਹੈ ਕਿ,** "ਹੋਸੰਨਾ ਉਸ ਰਾਜੇ ਦੇ ਲਈ ਜਿਹੜਾ ਪ੍ਰਭੂ ਦੇ ਨਾਮ ਤੇ ਆਉਂਦਾ ਹੈ!" ਅੱਜ ਕੀ ਮਾਮਲਾ ਹੈ। ਪਹਾੜ ਦੇ ਉੱਤੇ ਕੀ ਅਕਰਸ਼ਣ ਹੈ? [12]

**7) ਸ਼ਾਮਾਂ ਦੇ ਵੇਲੇ,"ਚਾਨਣ ਹੋਵੇਗਾ"**, ਉਸਨੇ ਜ਼ਕਰਯਾਹ 14:7 ਵਿੱਚ ਕਿਹਾ। **ਅਤੇ ਉਹੀ ਪੁੱਤਰ ਜਿਸਨੇ ਪੈਂਤੇਕੁਸਤ ਦੇ ਦਿਨ ਆਪਣੇ ਆਪ ਨੂੰ ਉਂਡੇਲ ਦਿੱਤਾ, "ਕਿਨੋਸ", ਉਸਨੇ ਵਾਅਦਾ ਕੀਤਾ ਸੀ ਕਿ ਉਹ ਉਹੀ ਚੀਜ਼ਾਂ ਸ਼ਾਮਾਂ ਦੇ ਵੇਲੇ ਕਰੇਗਾ।** ਇਹ ਵਾਅਦੇ ਦੇ ਅਨੁਸਾਰ ਹੈ। [3] (ਜ਼ਬੂਰਾਂ ਦੀ ਪੋਥੀ 119:105; ਯੂਹੰਨਾ 8:12)

**8) ਇਹ ਪ੍ਰਮੇਸ਼ੁਰ ਅਤੇ ਉਸ ਦੀ ਲਾੜੀ ਦੀ ਏਕਤਾ ਦਾ ਸਮਾਂ ਹੈ।** ਮਸੀਹ ਜੋ ਕਲੀਸਿਯਾ ਦਾ ਅਸਲ ਵਿੱਚ ਸਿਰ ਹੈ, ਆਪਣੀ ਲਾੜੀ ਵਿੱਚ ਆ ਕੇ, ਉਹੋ ਕੰਮ ਕਰ ਰਿਹਾ ਹੈ ਜਿਹੜੇ ਉਸ ਨੇ ਆਦਿ ਵਿੱਚ ਕੀਤੇ ਸਨ (ਯਹੂੰਨਾ 14:12)। ਸਿਰ ਅਤੇ ਦੇਹ ਕੰਮਾਂ ਵਿੱਚ, ਨਿਸ਼ਾਨਾਂ ਵਿੱਚ ਅਤੇ **ਜੀਵਨ ਵਿੱਚ** ਇੱਕ ਹੋ ਰਹੇ ਹਨ। **ਆਖਰੀ ਦਿਨਾਂ ਵਾਸਤੇ ਵਾਅਦਾ ਕੀਤੇ ਹੋਏ ਵਚਨ ਦੁਆਰਾ** ਪ੍ਰਮੇਸ਼ੁਰ ਨੇ ਖੁੱਦ ਇਸ ਨੂੰ ਪ੍ਰਮਾਣਿਤ ਕੀਤਾ ਹੈ। ਉਸਨੇ ਇਹ ਆਖਰੀ ਦਿਨਾਂ ਲਈ ਵਾਅਦਾ ਕੀਤਾ ਹੈ। ਹੁਣ, ਜੇ ਤੁਸੀਂ ਆਤਮਿਕ ਹੋ ਤਾਂ ਇਸ ਨੂੰ ਸਮਝੋਗੇ। **ਸਿਰ ਅਤੇ ਦੇਹ ਇੱਕ ਹੋ ਚੁੱਕੇ ਹਨ। ਇਹ ਪ੍ਰਮੇਸ਼ੁਰ ਹੈ ਜੋ ਆਪਣੇ ਲੋਕਾਂ ਵਿੱਚ ਦੇਹ ਧਾਰੀ ਹੋ ਗਿਆ ਹੈ।** ਇਹੋ ਕਾਰਨ ਹੈ ਕਿ ਪਤੀ ਅਤੇ ਪਤਨੀ ਦੋ ਨਹੀਂ ਬਲਕਿ **ਉਹ ਇੱਕ ਹਨ। ਪ੍ਰਮੇਸ਼ੁਰ ਅਤੇ ਉਸਦੀ ਕਲੀਸਿਯਾ ਇੱਕ ਹਨ। ਮਸੀਹ ਤੁਹਾਡੇ ਵਿੱਚ, ਇਹ ਪ੍ਰਮੇਸ਼ੁਰ ਦਾ ਮਹਾਨ ਪ੍ਰਕਾਸ਼ਨ ਹੈ। ਅਸੀਂ ਉਸ ਦੇ ਨਾਮ ਦੇ ਕਹਾਉਂਦੇ ਹਾਂ।** [13]

ਤੁਸੀਂ ਚਰਚਾਂ ਨੂੰ, ਕੌਮਾਂ ਨੂੰ ਇੱਕ ਹੁੰਦੇ ਵੇਖਦੇ ਹੋ, ਪਰ ਇਹ ਮਸੀਹ ਅਤੇ ਉਸ ਦੀ ਲਾੜੀ ਦੇ ਇੱਕ ਹੋਣ ਦਾ ਵੇਲਾ ਹੈ।

**9) ਇਸ ਕਲੀਸਿਯਾ ਦੀ ਗਤੀਸ਼ੀਲਤਾ ਇਸ ਵਿੱਚ ਪਵਿੱਤਰ ਆਦਮਾ ਦਾ ਦੁਬਾਰਾ ਭਰਿਆ ਜਾਣਾ ਹੋਵੇਗਾ,** ਜੋ ਕਿ ਸਾਡੇ ਵਿੱਚ ਥੋੜ੍ਹੇ ਹੀ ਪੈਮਾਨੇ ਵਿੱਚ ਕਿਰਿਆਸ਼ੀਲ ਰਿਹਾ ਹੈ, **ਜਦੋਂ ਕਿ ਚੋਟੀ ਦਾ ਪੱਥਰ, ਦੇਹ ਦੇ ਨਾਲ ਇੱਕ ਹੋਣ ਲਈ ਆ ਰਿਹਾ ਹੈ।** ਪਰ ਜਦੋਂ ਸਿਰ ਅਤੇ ਦੇਹ ਇੱਕ ਹੋ ਜਾਂਦੇ ਹਨ, ਤਾਂ ਪਵਿੱਤਰ ਆਤਮਾ ਦੀ ਸੰਪੂਰਨ ਸਾਮਰਥ ਉਸਨੂੰ ਚੁੱਕ ਖੜ੍ਹਾ ਕਰੇਗੀ, ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ... **ਗਤੀਸ਼ੀਲਤਾ ਪਵਿੱਤਰ ਆਤਮਾ ਹੈ।**[14] **ਉਸ ਵੇਲੇ ਸੁਰਗ ਤੋਂ ਅਜਿਹੀ ਆਵਾਜ਼ ਆਵੇਗੀ ਜਿਹੜੀ ਕਿ ਦੁਲਹਨ ਵਿੱਚ ਪਵਿੱਤਰ ਆਤਮਾ ਦਾ ਅਜਿਹਾ ਬਪਤਿਸਮਾ ਲਿਆਵੇਗੀ ਜਿਹੜਾ ਇਹ ਬਪਤਿਸਮਾ ਲਾੜੀ ਨੂੰ ਜ਼ਮੀਨ ਤੋਂ ਚੁੱਕ ਕੇ ਮਹਿਮਾ ਵਿੱਚ ਉਠਾਏ ਜਾਣ ਦੀ ਕਿਰਪਾ, ਰੈਪਚਰ ਵਿੱਚ ਲੈ ਜਾਵੇਗਾ।** ਪ੍ਰਮੇਸ਼ੁਰ ਨੇ ਇਸ ਦਾ ਵਾਅਦਾ ਕੀਤਾ ਸੀ। [15] (1ਥੱਸਲੁਨੀਕੀਆਂ 4:13–17; 1ਪਤਰਸ 1:3–5)।

**10) ਹਨੇਰੇ ਦੀਆਂ ਫਿਰਕਾਪ੍ਰਸਤੀਆਂ ਵਿੱਚੋਂ ਜੀ ਉੱਠਣਾ,** ਫਿਰ ਤੋਂ ਵਚਨ ਦੀ ਪੂਰੀ ਪਰਿਪੱਕਤਾ **ਲੋਕਾਂ ਦੇ ਉੱਤੇ ਹਿਲਾਈ ਜਾ ਰਹੀ ਹੈ,** ਮਨੁੱਖ ਦੀਆਂ ਮੁਰਦਾ ਰੀਤਾਂ ਮੁਰਦਾ ਹਨ ਅਤੇ **ਪ੍ਰਮੇਸ਼ੁਰ ਦਾ ਪੁੱਤਰ ਫਿਰ ਦੁਬਾਰਾ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਨਾਲ ਠੀਕ ਸਾਡੇ ਵਿਚਾਲੇ ਜੀਉਂਦਾ** ਹੈ ਅਤੇ ਸਾਨੂੰ ਜੀਵਨ ਦੇ ਰਿਹਾ ਹੈ[16] (ਲੇਵੀਆਂ 23:9–11)।

**11) ਸੱਤਾਂ ਗਰਜ਼ਾਂ ਦੇ ਭੇਤ ਪ੍ਰਗਟ ਹੋ ਗਏ ਹਨ,** ਸੱਤਾਂ ਮੋਹਰਾਂ ਦੇ ਖੁੱਲ੍ਹਣ ਦੇ ਦੁਆਰਾ (ਪ੍ਰਕਾਸ਼ ਦੀ ਪੋਥੀ 10:1–7), ਤਾਂ ਕਿ **ਉਠਾਏ ਜਾਣ ਦੇ ਵਿਸ਼ਵਾਸ ਦੇ ਲਈ** ਲਾੜੀ ਨੂੰ ਇਕੱਠੀ ਕੀਤਾ ਜਾ ਸਕੇ, ਅਤੇ ਉਸ ਚਰਚ ਨੂੰ ਬਾਹਰ ਨਿੱਕਲਣ ਲਈ **ਉਠਾਏ ਜਾਣ ਦੀ ਕਿਰਪਾ** ਦਿੱਤੀ ਜਾ ਸਕੇ। [17]

ਹੁਣ ਇਹ ਮਲਾਕੀ 4 ਅਤੇ ਪ੍ਰਕਾਸ਼ ਦੀ ਪੋਥੀ 10:7 ਦਾ ਸੰਦੇਸ਼ਵਾਹਕ(ਦੂਤ) ਦੋ ਕੰਮ ਕਰਨ ਜਾ ਰਿਹਾ ਹੈ। ਪਹਿਲਾ: ਮਲਾਕੀ 4 ਦੇ ਅਨੁਸਾਰ ਉਹ ਬਾਲਕਾਂ ਦੇ ਦਿਲ ਪੇਵਾਂ ਦੇ ਦਿਲਾਂ ਵੱਲ ਮੋੜੇਗਾ। **ਦੂਸਰਾ: ਪ੍ਰਕਾਸ਼ ਦੀ ਪੋਥੀ 10 ਵਿੱਚ ਉਹ ਸੱਤਾਂ ਗਰਜ਼ਾਂ ਦੇ ਭੇਤਾਂ ਨੂੰ ਪ੍ਰਗਟ ਕਰੇਗਾ, ਜੋ ਕਿ ਉਹ ਪ੍ਰਕਾਸ਼ਨ ਹਨ ਜਿਹੜੇ ਸੱਤਾਂ ਮੋਹਰਾਂ ਵਿੱਚ ਬੰਦ ਹਨ।** ਇਹ ਉਹ ਰੱਬੀ ਪ੍ਰਕਾਸ਼ ਦੁਆਰਾ ਖੋਲ੍ਹੇ ਗਏ ਸੱਚ ਹੋਣਗੇ ਜੋ ਅਸਲ ਵਿੱਚ ਬਾਲਕਾਂ ਦੇ ਦਿਲਾਂ ਨੂੰ ਪੈਂਟੀਕਾਸਟਲ ਪੇਵਾਂ ਦੇ ਦਿਲਾਂ ਵੱਲ ਮੋੜਨਗੇ। ਅਸਲ ਵਿੱਚ ਅਜੇਹਾ ਹੀ ਹੋਵੇਗਾ। [18]

**12) ਗਿਆਨ ਦਾ ਆਤਮਾ ਅਤੇ ਪ੍ਰਮੇਸ਼ੁਰ ਦੀ ਪੂਰੀ ਪਛਾਣ ਦੇ ਪ੍ਰਕਾਸ਼ ਦਾ ਆਤਮਾ ਕਲੀਸਿਯਾ ਵਿੱਚ ਆਉਂਦਾ ਹੈ,** ਤਾਂ ਕਿ ਪਵਿੱਤਰ ਆਤਮਾ ਦੇ ਪ੍ਰਕਾਸ਼ ਨਾਲ ਇਸ ਤੋਂ ਜਾਣੂ ਕਰਾਵਾਏ ਕਿ ਅਸੀਂ ਕਿਸ ਦਿਨ ਵਿੱਚ ਰਹਿ ਰਹੇ ਹਾਂ, **ਅਤੇ ਇਹ ਮਹਾਨ ਡੂੰਘੇ ਅਤੇ ਗੁਪਤ ਭੇਤ ਪ੍ਰਗਟ ਕੀਤੇ ਜਾਣ।** [19] (ਅਫ਼ਸੀਆਂ 1:15–21; ਪ੍ਰਕਾਸ਼ ਦੀ ਪੋਥੀ 10:7)

## 13) ਤਬਦੀਲੀ ਦਾ ਵੇਲਾ ਹੁਣ ਹੈ।

ਤੁਹਾਨੂੰ ਧਰਮ ਦੀ ਖਰਾਬੀ, ਜਿਸ ਵਿੱਚ ਤੁਸੀਂ ਹੋ, ਉਸ ਵਿੱਚੋਂ ਕੱਢਣ ਦੇ ਲਈ, ਪ੍ਰਮੇਸ਼ੁਰ ਨੇ **ਆਪਣੀ ਤਬਦੀਲ ਕਰਨ ਵਾਲੀ ਸਾਮਰਥ, ਆਪਣਾ ਵਚਨ ਭੇਜਿਆ ਹੈ, ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ**। (ਰੋਮੀਆਂ 12:1–2)

ਸਿਰਫ ਇੱਕ ਹੀ ਚੀਜ਼ ਹੈ ਜੋ ਵਚਨ ਨੂੰ ਜੀਵਿਤ ਕਰ ਸਕਦੀ ਹੈ, **ਅਤੇ ਉਹ ਹੈ ਆਤਮਾ, ਕਿਉਂਕਿ ਆਤਮਾ ਵਚਨ ਦਾ ਜੀਵਨਦਾਤਾ ਹੈ। ਅਤੇ ਜਦੋਂ ਵਚਨ ਵਿਚਲਾ ਜੀਵਨ, ਆਤਮਾ ਦੇ ਜੀਵਨ ਨਾਲ ਮਿਲਦਾ ਹੈ, ਇਹ ਜੋ ਵੀ ਬੀਜ ਹੁੰਦਾ ਹੈ, ਉਸ ਨੂੰ ਪੈਦਾ ਕਰਦਾ ਹੈ।** [20]

> *"ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।" (ਰੋਮੀਆਂ 12:2)*

ਇਹ ਹੀ ਹੈ ਜੋ ਅਸੀਂ ਸਾਰੇ ਕਰਨਾ ਚਾਹੁੰਦੇ ਹਾਂ; ਇਸ ਜੁੱਗ ਦੇ ਰੂਪ ਜੇਹੇ ਨਾ ਬਣੋ, **ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਪ੍ਰਮੇਸ਼ੁਰ ਦੀ ਮਨਭਾਉਂਦੀ ਅਤੇ ਸੰਪੂਰਨ ਇੱਛਿਆ ਨੂੰ ਪੂਰੀ ਕਰਨ ਲਈ ਹੋਰ ਸਰੂਪ ਵਿੱਚ ਬਦਲਦੇ ਜਾਓ। ਅਤੇ ਹੁਣ,** ਇਹ ਕਿ ਅਸੀਂ ਬਚਾਏ ਜਾ ਚੁੱਕੇ ਹਾਂ, ਜਿਵੇਂ ਕਿ ਅਸੀਂ ਹਾਂ; ਅਤੇ ਅਸੀਂ ਪਵਿੱਤਰ ਆਤਮਾ ਨਾਲ ਭਰ ਗਏ ਹਾਂ, ਜਿਵੇਂ ਕਿ ਸਾਡੇ ਕੋਲ ਇਹ ਹੈ; ਹੁਣ ਅਸੀਂ ਚਾਹੁੰਦੇ ਹਾਂ ਕਿ **ਉਹ ਬੁੱਧ ਜੋ ਮਸੀਹ ਵਿੱਚ ਸੀ, ਸਾਡੇ ਵਿੱਚ ਹੋਵੇ ਤਾਂ ਕਿ ਅਸੀਂ ਜ਼ਿੰਦਗੀ ਦੀਆਂ ਸੁਭਾਵਕ ਚੀਜ਼ਾਂ ਤੋਂ ਤਬਦੀਲ ਹੋ ਸਕੀਏ, ਅਤੇ ਪ੍ਰਮੇਸ਼ੁਰ ਦੀ ਸੰਪੂਰਨ**

ਇੱਛਿਆ ਨੂੰ ਪੂਰਾ ਕਰਨ ਦੇ ਲਈ ਉਸ ਦੇ ਆਤਮਾ ਦੇ ਪਰਿਵਰਤਨ ਦੁਆਰਾ, ਉਸ(ਪ੍ਰਮੇਸ਼ੁਰ) ਦੇ ਵਚਨ ਰਾਹੀਂ ਲਿਆਏ ਜਾ ਸਕੀਏ।

ਉਹ ਚੀਜ਼ਾਂ ਜੋ ਕਿ ਤੁਸੀਂ ਕਦੇ ਸੋਚਦੇ ਸੀ ਕਿ ਕੀਮਤੀ ਹਨ, ਅਤੇ ਉਨ੍ਹਾਂ ਨੂੰ ਪਰ੍ਹੇ ਕਰਕੇ ਅਤੇ ਕਿਸੇ ਹੋਰ ਚੀਜ਼ ਵਿੱਚ ਬਦਲ ਗਏ ਹੋ; "ਜੋ ਤੁਸੀਂ ਕਦੇ ਸੀ" ਉਸ ਤੋਂ "ਜੋ ਤੁਸੀਂ ਹੁਣ ਹੋ" ਵਿੱਚ ਬਦਲ ਗਏ ਹੋ। [21]

**14) ਅਸੀਂ ਜੀ ਉੱਠਣ ਦੀ ਭਰਪੂਰੀ ਵੱਲ ਆਪਣੇ ਰਾਹ ਤੇ ਵੱਧ ਰਹੇ ਹਾਂ,** ਪਵਿੱਤਰ ਆਤਮਾ ਦੀ ਅਗੁਵਾਈ ਦੁਆਰਾ। ਅਤੇ ਹੁਣ ਤੁਸੀਂ ਪਹਿਲਾਂ ਤੋਂ ਹੀ ਜੀ ਉੱਠੇ ਹੋ। ਜਦੋਂ ਪ੍ਰਮੇਸ਼ੁਰ ਨੇ ਉਸਨੂੰ ਉਠਾਇਆ ਉਸਨੇ ਤੁਹਾਨੂੰ ਵੀ ਨਾਲ ਹੀ ਜਿਵਾਲਿਆ (ਅਫ਼ਸੀਆਂ 2:4–6); ਪੁੱਤਰ ਹੁਣ ਤੁਹਾਡੇ ਉੱਤੇ ਹੈ। ਅਤੇ ਹੁਣ ਤੁਸੀਂ ਉਸ ਦੇ ਵਾਂਗ ਖਿੜੇ ਹੋਏ ਜੀਵਨ ਵੱਲ ਵੱਧ ਰਹੇ ਹੋ ਤਾਂ ਕਿ ਉਸ ਅੰਤਿਮ ਦਿਨ ਤੁਸੀਂ ਪੂਰੀ ਤਰ੍ਹਾਂ ਦੇ ਨਾਲ ਜਿਵਾਏ ਜਾ ਸਕੋ। ਤੁਹਾਡੀ ਸਾਮਰਥ ਹੁਣ ਤੁਹਾਡੇ ਕੋਲ ਹੈ। **ਕੀ ਤੁਸੀਂ ਜਾਣਦੇ ਹੋ? ਤੁਹਾਡਾ ਪ੍ਰਾਣ ਬਦਲ ਗਿਆ ਹੈ, ਕੀ ਇਹ ਨਹੀਂ ਬਦਲਿਆ?** ਤੁਹਾਡੀ ਦੇਹ ਇਸ ਦੀ ਆਗਿਆਕਾਰੀ ਵਿੱਚ ਆ ਗਈ ਹੈ, ਕੀ ਇਹ ਨਹੀਂ ਆਈ? ਕਾਹਦੀ ਆਗਿਆਕਾਰੀ ਵਿੱਚ ਆ ਗਈ ਹੈ? ਇੱਕ ਕਲੀਸਿਯਾ ਦੀ? **ਇਹ ਵਚਨ ਦੀ ਆਗਿਆਕਾਰੀ ਵਿੱਚ ਆ ਗਈ ਹੈ ਜੋ ਕਿ ਜੀਵਨ ਹੈ। ਤਦ ਤੁਸੀਂ ਹੁਣ ਮੁਰਦਿਆਂ ਵਿੱਚੋਂ ਜੀ ਉੱਠੇ ਹੋ।** [16] (ਕੁੱਲਸੀਆਂ **3:1–4)**

**15) ਅਸੀਂ ਲੇਪਾਲਕਪਨ ਦੀ ਭਰਪੂਰੀ ਨੂੰ ਉਡੀਕ ਰਹੇ ਹਾਂ,** ਲੇਪਾਲਕ ਦਾ ਆਤਮਾ ਮਿਲਣ ਤੋਂ ਬਾਅਦ[22] (ਰੋਮੀਆਂ 8:15) ਅਸੀਂ ਪਵਿੱਤਰ ਆਤਮਾ ਦੇ ਦੁਆਰਾ ਮਸੀਹ ਦੀ ਦੇਹ ਵਿੱਚ ਸਥਾਈ ਤੌਰ (POSITIONALLY PLACED) ਤੇ ਰੱਖੇ ਗਏ ਹਾਂ, ਧਰਤੀ ਤੇ ਇੱਕ ਉਦੇਸ਼ ਦੇ ਲਈ: **ਪ੍ਰਮੇਸ਼ੁਰ ਦੀ ਮਰਜ਼ੀ ਨੂੰ ਪੂਰੀ ਕਰਨ ਲਈ** [23] **ਅਤੇ ਮਸੀਹ ਦੀ ਦੇਹ ਦੇ ਮੈਂਬਰਾਂ ਨਾਲ ਕੰਮ ਕਰਨ ਦੇ ਲਈ।** [24]

ਇਹ ਲੇਪਾਲਕਪਨ ਦੀ ਭਰਪੂਰੀ ਕਦੋਂ ਹੋਵੇਗੀ? ਪਹਿਲੀ ਕਿਆਮਤ ਦੇ ਸਮੇਂ [22] (1ਕੁਰਿੰਥੀਆਂ 15:51–54)। **ਹੁਣ ਲੇਪਾਲਕਪਨ ਦਾ ਵੇਲਾ ਹੈ, ਜਦੋਂ ਪ੍ਰਮੇਸ਼ੁਰ ਆਪਣੀ ਪੂਰੀ ਭਰਪੂਰੀ, ਆਪਣੀ ਸਾਮਰਥ ਅਤੇ ਆਪਣਾ ਜੀ ਉੱਠਣਾ ਸਾਡੇ ਵਿੱਚ ਉਂਡੇਲ ਰਿਹਾ ਹੈ, ਜਦੋਂ ਉਸਦੀ ਕਲੀਸਿਯਾ ਅਤੇ ਮਸੀਹ ਇੰਨੀ ਨਜ਼ਦੀਕੀ ਵਿੱਚ ਆ ਜਾਂਦੇ ਹਨ ਕਿ ਮਸੀਹ ਸਾਡੇ ਵਿੱਚ ਵਿਖਾਈ ਦਿੰਦਾ ਹੈ, ਅਤੇ ਮੁਰਦਿਆਂ ਨੂੰ ਜੀਉਂਦਾ ਕਰਦਾ ਹੈ, ਅਤੇ ਅਸੀਂ ਸਵਰਗ ਵਿੱਚ ਉਠਾ ਲਏ ਜਾਂਦੇ ਹਾਂ।** [25] **(1ਥੱਸਲੁਨੀਕੀਆਂ 4:13–18)**

**16 ਦੇਹ ਦਾ ਬਦਲਣਾ:** ਅਗਲਾ ਕੰਮ ਹੁੰਝਾ ਫੇਰਨਾ ਹੋਵੇਗਾ...ਉਸ ਛੋਟੇ ਝੁੰਢ ਨੂੰ ਇਕੱਠਿਆਂ ਕਰਨ ਦੇ ਲਈ। **ਜਿਵੇਂ ਹੀ ਲਾੜੀ ਇਕੱਠੀ ਹੋ ਜਾਂਦੀ ਹੈ, ਇੱਕ ਮਹੀਨੇ ਜਾਂ ਇਸ ਤੋਂ ਵੱਧ ਦੇ ਸਮੇਂ ਵਿੱਚ ਉਹ ਚਲੀ ਜਾਵੇਗੀ** (ਮੱਤੀ 27:51–53)। ਅਸੀਂ ਅੰਤ ਵਿੱਚ ਹਾਂ। ਹੁਣ ਕਿਤੇ ਵੀ ਕੋਈ ਉਮੀਦ ਨਹੀਂ ਬਚੀ। ਮਸੀਹ ਵੱਲ ਭੱਜੋ, ਲੋਕੋ! [26] **(2ਕੁਰਿੰਥੀਆਂ 5:1–8; 1ਕੁਰਿੰਥੀਆਂ 15: 51–54; ਫ਼ਿਲਿੱਪੀਆਂ 3:20–21; 1ਯਹੂੰਨਾ 3:1–3)**

**17) ਬਹਾਲੀ** (ਮਲਾਕੀ **4:5–6**; ਯੋਏਲ **2:23–27**)।

ਕਿਉਂਕਿ ਪ੍ਰਮੇਸ਼ੁਰ ਨੇ ਆਖਿਆ, "**ਮੈਂ ਇਸ ਨੂੰ ਬਹਾਲ ਕਰਾਂਗਾ।**" ਉਹ ਇਸ ਨੂੰ ਕਿਵੇਂ ਬਹਾਲ ਕਰੇਗਾ? ਮੌਤ ਦੇ ਚਾਰ ਦੂਤਾਂ ਨੇ ਇਸ ਨੂੰ ਮਾਰ ਦਿੱਤਾ ਸੀ, **ਫਿਰ ਜੀਵਨ ਦੇ ਚਾਰ ਦੂਤ ਇਸ ਨੂੰ ਬਹਾਲ ਕਰਨਗੇ।** ਪਹਿਲਾ ਕੌਣ ਸੀ? ਮਾਰਟਿਨ ਲੂਥਰ, ਧਰਮੀ ਠਹਿਰਾਏ ਜਾਣਾ। ਦੂਸਰਾ ਕੌਣ ਸੀ? ਜੋਹਨ ਵੈਜ਼ਲੀ, **ਪਵਿੱਤਰ ਕੀਤੇ ਜਾਣਾ।** ਤੀਸਰਾ ਕੌਣ ਸੀ? ਪੈਂਟੀਕਾਸਟਲ, **ਜੋ ਵਰਦਾਨਾਂ, ਪਵਿੱਤਰ ਆਤਮਾ ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਵਾਪਸ ਲੈ ਕੇ ਆਇਆ। ਚੌਥਾ ਕੀ ਸੀ? ਵਚਨ। ਕੀ? ਵਚਨ।** [27]

ਅਤੇ ਸਮੇਂ ਦਾ ਸੰਦੇਸ਼ ਲਾੜੀ ਨੂੰ ਉਠਾਏ ਜਾਣ ਲਈ ਤਿਆਰ ਕਰਨ ਲਈ ਹੈ। ਇਹ ਕੀ ਕਰ ਸਕਦਾ ਹੈ? ਮਲਾਕੀ **4:5–6** ਦੇ ਅਨੁਸਾਰ, ਉਨ੍ਹਾਂ ਨੂੰ ਉਹ ਨਿਹਚਾ ਵੱਲ ਵਾਪਸ ਲੈ ਕੇ ਆ ਰਿਹਾ ਹੈ, ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ। ਯਹੂਦਾ **3** ਦੇ ਅਨੁਸਾਰ **ਬਹਾਲੀ ਦੇ ਵੇਲੇ** ਉਨ੍ਹਾਂ ਨੂੰ ਪੇਵਾਂ ਦੀ ਨਿਹਚਾ ਵੱਲ ਵਾਪਸ ਲਿਆਵੇਗਾ, ਪੈਂਟੀਕਾਸਟਲ ਹਿੱਸਾ। ਪ੍ਰਭੂ ਨੇ ਆਖਿਆ, " **ਮੈਂ ਬਹਾਲ ਕਰਾਂਗਾ।**" ਇਹੀ ਅੰਤ ਸਮੇਂ ਦੀ ਅਸਲੀ ਖੁਸ਼ਖਬਰੀ ਦਾ ਪ੍ਰਚਾਰ ਹੈ। [28]

ਜੇ ਤੁਸੀਂ ਵਚਨ ਦਾ ਇੱਕ ਹੋਰ ਹਵਾਲਾ ਚਾਹੁੰਦੇ ਹੋ, ਤਾਂ ਤੁਸੀਂ ਇਸ ਨੂੰ ਪ੍ਰਕਾਸ਼ ਦੀ ਪੋਥੀ **10:7** ਵਿੱਚ ਵੇਖੋ। ਅਤੇ ਇੱਥੇ ਕਿਹਾ ਗਿਆ ਹੈ ਕਿ, ਆਖਰੀ ਦੂਤ, ਸੱਤਵੇਂ ਦੂਤ ਦੇ ਆਵਾਜ਼ ਦੇ ਦਿਨੀਂ ਜਾਂ ਉਹ ਤੁਰ੍ਹੀ ਵਜਾਵੇਗਾ ਤਾਂ ਪ੍ਰਮੇਸ਼ੁਰ ਦਾ ਭੇਤ ਸੰਪੂਰਨ ਹੋ ਜਾਵੇਗਾ, **ਵਚਨ ਵੱਲ ਵਾਪਸ ਬਹਾਲੀ।** ਬਾਈਬਲ ਆਖਦੀ ਹੈ ਕਿ ਅੰਤ ਦੇ ਦਿਨਾਂ ਵਿੱਚ **ਇਹ ਸੰਦੇਸ਼ਵਾਹਕ "ਲੋਕਾਂ ਨੂੰ ਫਿਰ ਮੂਲ ਵਿਸ਼ਵਾਸ ਅਰਥਾਤ ਪੇਵਾਂ ਦੇ ਵਿਸ਼ਵਾਸ ਵੱਲ ਮੋੜੇਗਾ। ਆਖਰੀ ਦਿਨਾਂ ਵਿੱਚ ਉਹ ਮੂਲ ਵਚਨ ਨੂੰ ਫਿਰ ਬਹਾਲ ਕਰੇਗਾ,** ਜਿਵੇਂ ਕਿ ਉਸਨੇ ਮਲਾਕੀ **4** ਵਿੱਚ ਕਿਹਾ ਹੈ। [29]

ਵਚਨ ਦੀ ਬਹਾਲੀ ਦੇ ਨਾਲ, ਸਾਨੂੰ ਸਾਮਰਥ ਦੀ ਬਹਾਲੀ ਮਿਲ ਗਈ ਹੈ। [30]

**18) ਉਸ ਦੇ ਆਉਣ ਬਾਰੇ ਵਾਅਦਾ।** ਮਸੀਹ ਨੇ ਆਪ ਲਲਕਾਰੇ ਨਾਲ ਸੁਰਗੋਂ ਉੱਤਰਨਾ ਸ਼ੁਰੂ ਕਰ ਦਿੱਤਾ ਹੈ, **ਇਹ ਲੋਕਾਂ ਨੂੰ ਇਕੱਠੇ ਕਰਨ ਅਤੇ ਤਿਆਰ ਕਰਨ ਲਈ ਇੱਕ ਸੰਦੇਸ਼ ਹੈ** (1ਥਸਲੁਨੀਕੀਆਂ 4:15–18)। ਇਹ ਸੰਦੇਸ਼ ਹੈ ਜੋ ਅੱਗੇ ਚੱਲ ਰਿਹਾ ਹੈ, **ਜੀਵਨ ਦੀ ਜੀਵਨ ਰੋਟੀ ਲਾੜੀ ਨੂੰ ਲਿਆ ਰਹੀ ਹੈ। ਦੂਜਾ ਹੈ, ਜੀ ਉੱਠਣ ਦੀ ਆਵਾਜ਼** (ਜੋ ਮਸੀਹ ਵਿੱਚ ਮਰੇ ਉਨ੍ਹਾਂ ਦਾ ਜੀ ਉੱਠਣਾ), ਅਤੇ ਤੀਸਰੀ ਚੀਜ਼ ਹੈ ਤੁਰ੍ਹੀ, ਜੋ ਲੋਕਾਂ ਨੂੰ ਹਮੇਸ਼ਾ ਭੋਜ ਦੇ ਲਈ ਬੁਲਾਉਂਦੀ ਹੈ; **ਅਤੇ ਉਹ ਲਾੜੀ ਦਾ ਭੋਜ ਹੋਵੇਗਾ, ਲੇਲੇ ਦਾ ਲਾੜੀ ਦੇ ਨਾਲ, ਸੁਰਗਾਂ ਵਿੱਚ ਭੋਜ–ਅਸਮਾਨ ਵਿੱਚ।** [31]

## 19) ਬੇਦਾਰੀ:

ਮੇਰੇ ਵਿਚਾਰ ਅਨੁਸਾਰ, ਬੇਦਾਰੀ ਨਵੇਂ ਮੈਂਬਰਾਂ ਨੂੰ ਲਿਆਉਣਾ ਨਹੀਂ ਹੈ। ਬੇਦਾਰੀ ਬਹੁਤ ਸਾਰੇ ਲੋਕਾਂ ਦਾ ਤਬਦੀਲ ਹੋਣਾ ਨਹੀਂ ਹੈ, ਹਾਲਾਂਕਿ ਉਹ ਚੀਜ਼ਾਂ ਬੇਦਾਰੀ ਦੇ ਨਾਲ ਨਾਲ ਹੁੰਦੀਆਂ ਹਨ। **ਪਰ ਬੇਦਾਰੀ ਤਾਂ "ਉਸ ਨੂੰ ਮੁੜ ਸੁਰਜੀਤ ਕਰਨਾ ਹੈ ਜੋ ਤੁਹਾਡੇ ਕੋਲ ਪਹਿਲਾਂ ਤੋਂ ਹੀ ਹੈ"; ਬਸ ਉਸ ਨੂੰ ਫਿਰ ਤੋਂ ਬੇਦਾਰ (ਜਾਗਰਤ) ਕੀਤਾ ਜਾਂਦਾ ਹੈ।** [32] **(2ਪਤਰਸ 1:12–15)**

ਹਾਲੇ ਤੱਕ ਲਾੜੀ ਵਿੱਚ ਕੋਈ ਬੇਦਾਰੀ ਨਹੀਂ ਹੈ। ਉੱਥੇ ਹਾਲੇ ਤੱਕ ਕੋਈ ਬੇਦਾਰੀ ਨਹੀਂ ਹੈ। ਦੁਲਹਨ ਨੂੰ ਹਲੂਣਾ ਦੇਣ ਵਾਲਾ ਪ੍ਰਮੇਸ਼ੁਰ ਦਾ ਪ੍ਰਗਟੀਕਰਨ ਹਾਲੇ ਨਹੀਂ ਹੈ। ਸਮਝੇ? ਅਸੀਂ ਹੁਣ ਇਸ ਦੀ ਤਾਕ ਵਿੱਚ ਹਾਂ। **ਉਸਨੂੰ ਫਿਰ ਜਗਾਉਣ ਲਈ ਉੱਥੇ ਸੱਤ ਅਗਿਆਤ ਗਰਜ਼ਾਂ ਦੇ ਸ਼ਬਦ ਹੋਣਗੇ**। ਉਹ ਇਸਨੂੰ ਘੱਲੇਗਾ। ਉਸਨੇ ਇਸ ਦਾ ਵਾਇਦਾ ਕੀਤਾ ਹੈ। ਹੁਣ ਧਿਆਨ ਦਿਓ, ਹੁਣ ਉਹ ਮੁਰਦਾ ਸੀ [29] (ਯਹੂੰਨਾ **5:25–27**; ਅਫ਼ਸੀਆਂ **2:1–5**)।

ਪ੍ਰਮੇਸ਼ੁਰ ਦੇ ਵਚਨ ਨੂੰ ਸਰਵਪ੍ਰਧਾਨਤਾ ਮਿਲੇ। ਇਹ ਹੀ ਹੈ ਜੋ ਸਾਨੂੰ ਚਾਹੀਦਾ ਹੈ–ਇੱਕ ਬੇਦਾਰੀ! **ਸਾਰੇ ਅਵਿਸ਼ਵਾਸ ਨੂੰ ਧੋ ਦੇਵੋ,** ਅਤੇ ਸਾਰੇ ਕੀੜੇ, ਅਤੇ ਅੰਧਵਿਸ਼ਵਾਸ (ਵਹਿਮ) ਅਤੇ ਸੱਭ ਚੀਜ਼ਾਂ ਬਾਹਰ ਕੱਢ ਦੇਵੋ, ਅਤੇ ਵੇਖੋ ਪ੍ਰਮੇਸ਼ੁਰ ਹਾਲੇ ਵੀ ਪ੍ਰਮੇਸ਼ੁਰ ਹੈ। ਇਸੇ ਦੇ ਲਈ ਹੀ ਬੇਦਾਰੀ ਹੁੰਦੀ ਹੈ। ਮੈਂ ਸੋਚਦਾ ਹਾਂ ਕਿ ਇਹ ਉਹ ਸਮਾਂ ਹੈ, ਕਿ ਸਾਨੂੰ ਬੇਦਾਰੀ ਦੇ ਆਤਮਾ ਨੂੰ ਕਦੇ ਮਰਨ ਨਹੀਂ ਦੇਣਾ ਚਾਹੀਦਾ। [33] **ਸਾਨੂੰ ਬੇਦਾਰੀ ਵਿੱਚ ਰਹਿਣ ਦੀ ਜ਼ਰੂਰਤ ਹੈ, ਲਗਾਤਾਰ ਹਰ ਰੋਜ਼ ਬੇਦਾਰ ਹੋਵੋ। ਪੌਲੁਸ ਨੇ ਕਿਹਾ, ਮੈਂ ਹਰ ਰੋਜ਼ ਮਰਦਾ ਹਾਂ ਤਾਂ ਜੋ ਮਸੀਹ ਮੇਰੇ ਵਿੱਚ ਜੀਉਂਦਾ ਰਹੇ** (**1**ਕੁਰਿੰਥੀਆਂ**15:31**)। ਅਤੇ ਸਾਨੂੰ ਬੇਦਾਰੀ ਨੂੰ ਕਦੇ ਵੀ ਸਾਡੇ ਵਿੱਚੋਂ ਮਰਨ ਨਹੀਂ ਦੇਣਾ ਚਾਹੀਦਾ। [34]

ਧਿਆਨ ਦਿਓ, **ਦੇਖੋ, ਜਦੋਂ ਆਤਮਿਕ ਲਾੜੀ ਬੇਦਾਰੀ ਵਿੱਚ ਆਉਣਾ ਸ਼ੁਰੂ ਕਰਦੀ ਹੈ, ਜਦੋਂ ਉਹ ਵਾਪਸ ਆਉਣਾ ਸ਼ੁਰੂ ਕਰਦੀ ਹੈ ਅਤੇ ਆਪਣੇ ਆਪ ਨੂੰ ਮਸੀਹ ਦੇ ਵਚਨ ਦੀ ਸੇਧ ਵਿੱਚ ਲਿਆਉਂਦੀ ਹੈ, ਫਿਰ ਦੁਬਾਰਾ ਵੇਖੋ, ਤੁਸੀਂ ਸਮਝੇ,** ਕਿ ਕਿਵੇਂ ਉਸ ਵੇਲੇ ਲਿਖਤਾਂ, ਇੱਕ ਸੰਦੇਸ਼ ਹੋਵੇਗਾ ਜੋ ਲਾੜੀ ਨੂੰ ਲੈਣ ਲਈ ਬਾਹਰ ਨਿੱਕਲਦਾ ਹੈ– ਉਸ ਚੁਣੀ ਹੋਈ ਔਰਤ ਨੂੰ ਲੈਣ ਲਈ। [35]

**ਪ੍ਰਭੂ ਹੋਣ ਦੇ ਕਿ ਭਲਿਆਂ ਲੋਕਾਂ ਲਈ ਬੇਦਾਰੀ ਆਵੇ, ਅਤੇ ਉਠਾਏ ਜਾਣ ਤੋਂ ਪਹਿਲਾਂ ਕਲੀਸਿਯਾ ਵਿੱਚ ਤੇਰੀ ਮਹਾਨ ਸਾਮਰਥ ਆਵੇ।** ਇਸ ਤਰ੍ਹਾਂ ਪ੍ਰਾਰਥਨਾਂ ਕਰਨੀ ਮੁਸ਼ਕਿਲ ਨਹੀਂ ਹੈ, **ਕਿਉਂਕਿ ਤੂੰ ਇਹ ਵਾਅਦਾ ਕੀਤਾ ਹੈ।** ਅਤੇ ਪ੍ਰਭੂ, ਅਸੀਂ ਉਸ ਤੀਸਰੀ ਖਿੱਚ ਨੂੰ ਉਡੀਕ ਰਹੇ ਹਾਂ ਜੋ ਅਸੀਂ ਜਾਣਦੇ ਹਾਂ ਕਿ ਉਹ ਸਾਡੇ ਵਿੱਚ ਵੱਡੇ–ਵੱਡੇ ਕੰਮ ਕਰੇਗੀ। [8]

## 20) ਹੁਣ ਮਸਾਲਾਂ ਨੂੰ ਸਾਫ ਕਰਨ ਦਾ ਵੇਲਾ ਹੈ (ਮੱਤੀ 25:6–8)।

ਸੰਦੇਸ਼ ਪਹਿਲਾਂ ਆਉਂਦਾ ਹੈ। ਹੁਣ, "ਮਸਾਲਾਂ ਸਾਫ ਕਰਨ ਦਾ ਵੇਲਾ ਹੈ"। ਉੱਠੋ ਅਤੇ ਆਪਣੀਆਂ ਮਸਾਲਾਂ ਨੂੰ ਸਾਫ ਕਰੋ। ਅਤੇ ਉਨ੍ਹਾਂ ਨੇ ਕੀਤੀਆਂ। ਉਨ੍ਹਾਂ ਵਿੱਚੋ ਕੁਝ ਨੇ ਪਾਇਆ ਕਿ ਉਨ੍ਹਾਂ ਕੋਲ ਮਸਾਲਾਂ ਵਿੱਚ ਕੋਈ ਤੇਲ ਨਹੀਂ ਹੈ। [31]

**21) ਟੋਕਨ/ਨਿਸ਼ਾਨ ਨੂੰ ਲਗਾਓ** (ਪ੍ਰਮੇਸ਼ੁਰ ਦਾ ਪ੍ਰੇਮ, ਰੋਮੀਆਂ 5:5, ਪਵਿੱਤਰ ਆਤਮਾ)! (ਰਸੂਲਾਂ ਦੇ ਕਰਤੱਬ **16:31**; ਕੂਚ **12:13**)। ਟੋਕਨ ਨੂੰ ਲਗਾਓ, ਫਿਰ ਉਸਦੇ ਨਾਲ ਚੱਲੋ। **ਆਪਣੇ ਘਰਾਣੇ ਦਾ ਦਾਅਵਾ ਕਰੋ! ਤੁਹਾਨੂੰ ਹੁਣ ਇਹ ਜ਼ਰੂਰ ਕਰਨਾ ਚਾਹੀਦਾ ਹੈ।** ਇਹ ਸ਼ਾਮਾਂ ਦਾ ਵੇਲਾ ਹੈ। ਹੁਣ, ਤੁਸੀਂ ਇਹ ਬਹੁਤ ਦੇਰ ਤੋਂ ਸੁਣਦੇ ਆ ਰਹੇ ਹੋ ਕਿ ਇਹ ਸ਼ਾਮਾਂ ਦਾ ਵੇਲਾ ਹੈ। **ਹੁਣ ਇਹ ਲਗਾਉਣ ਦਾ ਵੇਲਾ ਹੈ!** ਇਨ੍ਹਾਂ ਕਿਸੇ ਦਿਨਾਂ ਵਿੱਚ

ਕ੍ਰੋਧ ਭੜਕੇਗਾ, ਅਤੇ ਫਿਰ ਹੋ ਸੱਕਦਾ ਹੈ ਇਹ ਬਹੁਤ ਦੇਰ ਹੋ ਚੁੱਕੀ ਹੋਵੇ। ਸਮਝੇ? ਭਰੋਸੇ ਨਾਲ ਟੋਕਨ ਨੂੰ ਲਗਾਓ।

ਅੱਜ ਵਿਸ਼ਵਾਸੀ ਦੇ ਲਈ ਪਵਿੱਤਰ ਆਤਮਾ ਚਿੰਨ੍ਹ (TOKEN) ਹੈ, ਲਹੂ ਨਹੀਂ, ਇੱਕ ਰਸਾਇਣ ਨਹੀਂ; ਪਰ ਇਹ ਪ੍ਰਮੇਸ਼ੁਰ ਦਾ ਪਵਿੱਤਰ ਆਤਮਾ ਹੈ। ਇਹ ਹੀ ਉਹ ਚਿੰਨ੍ਹ ਹੈ ਜਿਸ ਦੀ ਮੰਗ ਅੱਜ ਪ੍ਰਮੇਸ਼ੁਰ ਕਲੀਸਿਯਾ ਤੋਂ ਕਰਦਾ ਹੈ। ਪ੍ਰਮੇਸ਼ੁਰ ਇਹ ਚਿੰਨ੍ਹ ਜ਼ਰੂਰ ਵੇਖਣਾ ਚਾਹੁੰਦਾ ਹੈ। ਉਸ ਨੂੰ ਇਹ ਚਿੰਨ੍ਹ ਸਾਡੇ ਸਭਨਾਂ ਵਿੱਚ ਵਿਖਣਾ ਚਾਹੀਦਾ ਹੈ।

ਪ੍ਰਮੇਸ਼ੁਰ ਉਸ ਚਿੰਨ੍ਹ ਦੀ ਮੰਗ ਕਰ ਰਿਹਾ ਹੈ, ਜੋ ਤੁਸੀਂ, ਖੁਦ ਆਪ ਪ੍ਰਾਪਤ ਕਰ ਲਿਆ ਹੈ, ਜੋ ਕਿ ਪਵਿੱਤਰ ਆਤਮਾ ਹੈ। ਇਹੋ ਹੀ ਇੱਕੋ ਇੱਕ ਰਾਹ ਹੈ, ਅਤੇ ਇੱਕੋ ਇੱਕ ਚਿੰਨ੍ਹ ਹੈ ਜਿਸ ਤੋਂ ਪ੍ਰਮੇਸ਼ੁਰ ਲੰਘ ਜਾਵੇਗਾ, ਕਿਉਂਕਿ ਇਹ ਤਾਂ ਹੁਬਹੂ ਯਿਸੂ ਮਸੀਹ ਦਾ ਜੀਵਨ ਹੈ ਜਿਹੜਾ ਵਿਸ਼ਵਾਸੀਆਂ ਦੇ ਅੰਦਰ ਵਾਪਿਸ ਆਇਆ ਹੈ। [36]

## 22) ਸੁਰਗ ਤੇ ਉਠਾਇਆ ਜਾਣਾ (ਰੈਪਚਰ) (1ਥੱਸਲੁਨੀਕੀਆਂ 4:16-17)।

**ਹੁਣ ਰੈਪਚਰ ਹੋਣ ਜਾ ਰਿਹਾ ਹੈ, ਅਸੀਂ ਇਹ ਜਾਣਦੇ ਹਾਂ। ਇਹ ਭਵਿੱਖ ਵਿੱਚ ਹੋਣਾ ਹੈ।** [37] "ਰੈਪਚਰ" ਸ਼ਬਦ- ਬਾਈਬਲ ਨੇ ਕਿਹਾ ਹੈ, "ਉਠਾਏ ਜਾਵਾਂਗੇ, ਉਠਾ ਲਏ ਜਾਣਾ।" **1ਥਸਲੁਨੀਕੀਆਂ 4:13-17** ਵਿੱਚ ਅਸੀਂ **ਇਸ ਮਹਾਨ ਉਠਾਏ ਜਾਣ ਦੇ ਕ੍ਰਮ** ਨੂੰ ਪੜ੍ਹਦੇ ਹਾਂ, ਜੋ ਕਿ ਇਨ੍ਹਾਂ ਅੰਤ ਦੇ ਦਿਨਾਂ ਵਿੱਚ ਹੋਵੇਗਾ। [31]

**23) ਅਸੀਂ ਤੀਸਰੇ ਕੂਚ ਵਿੱਚ ਹਾਂ।** ਪ੍ਰਮੇਸ਼ੁਰ ਆਪਣੇ ਚੁਣੇ ਹੋਇਆਂ ਨੂੰ, ਆਤਮਿਕ ਬਾਬਲ ਚੋਂ ਬਾਹਰ, ਆਤਮਿਕ ਕੂਚ ਲਈ ਬੁਲਾ ਰਿਹਾ ਹੈ, ਕੇਵਲ ਆਪਣੇ ਚੁਣੇ ਹੋਇਆਂ ਨੂੰ ਹੀ। ਠੀਕ ਉਹੀ ਅੱਗ ਦਾ ਖੰਭਾ, ਉਹੀ ਆਤਮਾ ਦਾ ਮਸ੍ਹਾ, ਵਾਅਦਾ ਕੀਤੀ ਹੋਈ ਧਰਤੀ ਵੱਲ ਅਗੁਵਾਈ ਕਰ ਰਿਹਾ ਹੈ। **ਹੁਣ ਉਹ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਆਤਮਿਕ ਬਪਤਿਸਮੇ (1ਕੁਰਿੰਥੀਆਂ 12:13) ਤੋਂ ਲਿਆ ਕੇ, ਵਾਪਸ ਉਸ ਹਜ਼ਾਰ ਸਾਲੇ ਰਾਜ ਦੀ ਅਨੰਤ ਭੂਮੀ ਵਿੱਚ ਅਤੇ ਇਸ ਤੋਂ ਅੱਗੇ ਲਿਆ ਰਿਹਾ ਹੈ।** [39] **(ਯਸਾਯਾਹ 2:2-4; ਯਸਾਯਾਹ 65:17-25; ਯਸਾਯਾਹ 25:6-8)**

## 24) ਸਾਢੇ ਤਿੰਨ ਸਾਲਾਂ ਲਈ, ਸੁਰਗ ਦੇ ਵਿੱਚ ਲੇਲੇ ਦੇ ਵਿਆਹ ਦਾ ਭੋਜ (ਪ੍ਰਕਾਸ਼ ਦੀ ਪੋਥੀ 19:6-9)।

ਹੁਣ ਜਿਸ ਸਮੇਂ ਯਿਸੂ ਆਪਣੇ ਆਪ ਨੂੰ ਆਪਣੇ ਭਰਾਵਾਂ ਅੱਗੇ ਪ੍ਰਗਟ ਕਰੇਗਾ, ਤਾਂ ਉਸ ਸਮੇਂ ਪਰਾਈਆਂ ਜਾਤੀਆਂ ਦੀ ਕਲੀਸਿਯਾ ਕਿੱਥੇ ਹੋਵੇਗੀ? ਯਾਦ ਰੱਖੋ ਯੂਸਫ ਦੀ ਪਤਨੀ ਆਪਣੇ ਦੋ ਬੱਚਿਆਂ ਨਾਲ ਮਹੱਲ ਵਿੱਚ ਸੀ। ਕਿਉਂ ਜੋ ਯੂਸਫ ਨੇ ਹੁਕਮ ਕੀਤਾ ਸੀ,"ਹਰ ਕੋਈ ਮੇਰੇ ਕੋਲੋਂ ਚਲਾ ਜਾਵੇ; ਮੇਰੇ ਕੋਲੋਂ ਹਰ ਮਨੁੱਖ ਨੂੰ ਕੱਢ ਦਿਓ।" (ਉਤਪਤ 45:1-5)। **ਇਸ ਲਈ ਪਰਾਈਆਂ ਜਾਤੀਆਂ ਦੀ ਦੁਲਹਨ ਯੂਸਫ ਦੇ ਮਹੱਲ ਵਿੱਚ ਲੁਕੀ ਸੀ।** ਰੈਪਚਰ ਦੇ ਵਿੱਚ ਪਰਾਈਆਂ ਜਾਤੀਆਂ ਦੀ ਕਲੀਸਿਯਾ ਕਿੱਥੇ ਜਾਵੇਗੀ? ਮਹੱਲ ਦੇ ਵਿੱਚ। **ਦੁਲਹਨ ਧਰਤੀ ਤੋਂ ਉਠਾ ਲਈ ਜਾਵੇਗੀ । ਉਹ ਕਸ਼ਟ ਕਾਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੇ ਪ੍ਰਭੂ ਨੂੰ ਮਿਲਣ ਦੇ ਲਈ ਹਵਾ ਵਿੱਚ ਉਠਾ ਲਈ ਜਾਵੇਗੀ** (ਪ੍ਰਕਾਸ਼ ਦੀ ਪੋਥੀ 3:10)। **ਸਾਢੇ ਤਿੰਨ ਸਾਲਾਂ ਦੇ ਲਈ ਜਦ ਪ੍ਰਮੇਸ਼ੁਰ ਦਾ ਕਹਿਰ**

**ਬਰਸ ਰਿਹਾ ਹੋਵੇਗਾ** (ਪ੍ਰਕਾਸ਼ ਦੀ ਪੋਥੀ 11:1–6; ਦਾਨੀਏਲ 12:1), **ਤਾਂ ਲਾੜੀ ਲੇਲੇ ਦੇ ਵਿਆਹ ਦੇ ਮਹਾਨ ਭੋਜ ਵਿੱਚ ਹੋਵੇਗੀ।** ਤਦ ਉਹ ਆਪਣੀ ਦੁਲਹਨ ਨੂੰ "ਆਪਣੇ ਪਿਤਾ ਦੇ ਘਰ," (ਯੂਹੰਨਾ 14:1–3) ਛੱਡ ਕੇ ਵਾਪਸ ਆਵੇਗਾ ਅਤੇ ਆਪਣੇ ਭਰਾਵਾਂ ਉੱਤੇ ਆਪਣੇ ਆਪ ਨੂੰ ਪ੍ਰਗਟ ਕਰੇਗਾ। ਠੀਕ ਇਸੇ ਹੀ ਵਕਤ ਮਸੀਹ ਵਿਰੋਧੀ ਦਾ ਨੇਮ ਜਿਹੜਾ ਯਹੂਦੀਆਂ ਨੇ ਰੋਮ ਨਾਲ ਬੰਨ੍ਹਿਆ ਸੀ, ਟੁੱਟ ਜਾਵੇਗਾ। ਉਸ ਸਮੇਂ ਰੋਮ ਅਤੇ ਉਸ ਦੇ ਸਾਥੀ ਆਪਣੀਆਂ ਫੌਜਾਂ ਨੂੰ ਭੇਜਣਗੇ ਕਿ ਉਹ ਪ੍ਰਮੇਸ਼ੁਰ ਤੋਂ ਡਰਨ ਵਾਲੇ ਅਤੇ ਉਸ ਦੇ ਵਚਨ ਨੂੰ ਮੰਨਣ ਵਾਲਿਆਂ ਯਹੂਦੀਆਂ ਨੂੰ ਮਾਰ ਦੇਣ (ਜ਼ਕਰਯਾਹ 12:1–14; 13:6)। ਪਰ ਜਦ ਉਹ ਸ਼ਹਿਰ ਦੇ ਵਿਰੁੱਧ ਉਸ ਨੂੰ ਤਬਾਹ ਕਰਨ ਲਈ ਆਉਂਣਗੇ ਤਾਂ ਉਸ ਵੇਲੇ ਅਕਾਸ਼ ਵਿੱਚ ਮਨੁੱਖ ਦੇ ਪੁੱਤਰ ਦੇ ਆਉਣ ਦਾ ਨਿਸ਼ਾਨ ਪ੍ਰਗਟ ਹੋਵੇਗਾ ਅਤੇ ਉਸ ਦੇ ਨਾਲ ਉਸ ਦੀ ਮਹਾਨ ਦੂਤਾਂ ਦੀ ਫੌਜ ਹੋਵੇਗੀ ਜਿਹੜੀ ਉਨ੍ਹਾਂ ਦਾ ਨਾਸ਼ ਕਰੇਗੀ ਜਿਹੜੇ ਧਰਤੀ ਦਾ ਨਾਸ਼ ਕਰਦੇ ਆ ਰਹੇ ਹਨ ( ਮੱਤੀ 24:29–31)। ਦੁਸ਼ਮਣਾਂ ਨੂੰ ਖਤਮ ਕਰਨ ਪਿੱਛੋਂ ਫਿਰ ਯਿਸੂ ਆਏਗਾ ਅਤੇ ਆਪ ਨੂੰ 144,000 ਉੱਤੇ ਪ੍ਰਗਟ ਕਰੇਗਾ। ਉਸਦੀ ਮੁਕਤੀ ਦੇ ਵੱਡੇ ਕੰਮ ਨੂੰ ਵੇਖ ਕੇ ਉਨ੍ਹਾਂ ਨੂੰ ਉਸ ਦੀ ਸ਼ਕਤੀ ਦਾ ਪਤਾ ਲੱਗੇਗਾ, ਪਰ ਇਸਦੇ ਨਾਲ ਹੀ ਉਸਦੇ ਜਖ਼ਮ ਵੇਖ ਕੇ ਅਤੇ ਇਹ ਜਾਣ ਕੇ ਕਿ ਉਨ੍ਹਾਂ ਨੇ ਉਹਨੂੰ ਉਸ ਸਮੇਂ ਤੱਕ ਵੀ ਰੱਦਿਆ ਸੀ, ਉਹ ਡਰ ਅਤੇ ਗਮ ਨਾਲ ਚੀਕ ਉੱਠਣਗੇ ਜਿਸ ਤਰ੍ਹਾਂ ਪੁਰਾਣੇ ਨੇਮ ਵਿੱਚ ਯੂਸਫ ਦੇ ਭਾਈਆਂ ਨੇ ਕੀਤਾ ਸੀ। ਜਦ ਉਹ ਯੂਸਫ ਦੇ ਸਾਹਮਣੇ ਖਲੋਤੇ ਤਾਂ ਉਹ ਇਸ ਤਰ੍ਹਾਂ ਡਰੇ ਹੋਏ ਸਨ ਕਿ ਹੋ ਸਕਦਾ ਹੈ, ਉਹ ਮਾਰ ਦਿੱਤੇ ਜਾਣਗੇ। ਪਰ ਜਿਸ ਤਰ੍ਹਾਂ ਯੂਸਫ ਨੇ ਕਿਹਾ,"ਤੁਸੀਂ ਆਪਣੇ ਆਪ ਨਾਲ ਰੰਜ ਨਾ ਕਰੋ, ਇਹ ਠੀਕ ਹੈ। **ਇਸ ਸਭ ਵਿੱਚ ਪ੍ਰਮੇਸ਼ੁਰ ਸੀ।** ਉਸਨੇ ਇਹ ਜਾਨਾਂ ਬਚਾਉਣ ਲਈ ਕੀਤਾ।" ਇਸੇ ਤਰ੍ਹਾਂ ਯਿਸੂ ਵੀ ਸ਼ਾਂਤੀ ਅਤੇ ਪਿਆਰ ਦੀਆਂ ਗੱਲਾਂ ਕਰੇਗਾ।[42]

ਪਿਆਰ, ਪਿਆਰ, ਉਸਨੂੰ ਪਿਆਰ ਕਰੋ। ਵੇਖੋ ਉਸ ਨੇ ਤੁਹਾਡੇ ਲਈ ਕੀ ਕੀਤਾ ਹੈ। ਇਹ ਪਿਆਰ ਦੇ ਦੁਆਰਾ ਹੈ; ਪਿਆਰ ਆਗਿਆਕਾਰੀ ਲਿਆਉਂਦਾ ਹੈ, ਪਿਆਰ ਮਿਲਾਪ ਲਿਆਉਂਦਾ ਹੈ, **ਪਿਆਰ ਵਿਆਹ ਨੂੰ ਲਿਆਉਂਦਾ ਹੈ। ਇਹੀ ਹੈ ਜਿਸ ਵੱਲ ਅਸੀਂ ਵੱਧ ਰਹੇ ਹਾਂ: ਲੇਲੇ ਦੇ ਵਿਆਹ ਦਾ ਭੋਜ।** ਮੈਂ ਆਪਣੇ ਮੁਕਤੀਦਾਤੇ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਉਹ ਵੀ ਮੈਨੂੰ ਪਿਆਰ ਕਰਦਾ ਹੈ। [36]

## 25) ਜਿਹੜਾ ਜਿੱਤਣ ਵਾਲਾ ਹੈ, ਉਹਨੂੰ ਮੈਂ ਆਪਣੇ ਸਿੰਘਾਸਣ ਉੱਤੇ ਆਪਣੇ ਨਾਲ ਬਿਠਾਵਾਂਗਾ (ਆਪਣੇ ਰਾਜ ਵਿੱਚ)– ਮਹਾਨ ਰਾਜੇ ਦੇ ਨਾਲ, ਹਜ਼ਾਰ ਸਾਲਾ ਰਾਜ ਦੇ ਵਿੱਚ ਰਾਜ ਅਤੇ ਸ਼ਾਸਨ ਕਰਨ ਦੇ ਲਈ। (ਪ੍ਰਕਾਸ਼ ਦੀ ਪੋਥੀ 3:20–21; 1:15–18; 20:4–6)

ਪ੍ਰਭੂ ਯਿਸੂ ਨੂੰ, ਆਪਣਾ ਮੁਕਤੀਦਾਤਾ ਅਤੇ ਚੰਗਾਈਦਾਤਾ ਦੇ ਰੂਪ ਵਿੱਚ ਜਾਨਣਾ ਬਹੁਤ ਹੀ ਅਦਭੁੱਤ ਬਰਕਤ ਹੈ, ਅਤੇ ਉਸ ਨੂੰ ਉਡੀਕਣਾ ਕਿ ਸਾਡੇ ਰਾਜੇ ਦੇ ਤੌਰ ਤੇ ਆਵੇ ਅਤੇ ਧਰਤੀ ਤੇ ਆਪਣਾ ਰਾਜ ਸਥਾਪਿਤ ਕਰੇ, ਤਾਂ **ਕਿ ਅਸੀਂ ਉਸ ਨਾਲ ਹਜ਼ਾਰਾਂ ਸਾਲਾਂ ਲਈ ਰਾਜ ਕਰੀਏ, ਹਮੇਸ਼ਾ ਉਸ ਨਾਲ ਰਹੀਏ** [40] (ਯਸਾਯਾਹ 32:1–2)।

ਪ੍ਰਭੂ ਹੋਣ ਦੇ ਕਿ ਸਾਡੇ ਜੀਵਨ ਇਸ ਤਰ੍ਹਾਂ ਤੇਰੇ ਹਵਾਲੇ ਹੋਣ ਕਿ ਪਵਿੱਤਰ ਆਤਮਾ ਸਾਡੇ ਵਿੱਚ ਰਹਿ ਸਕੇ ਅਤੇ ਸਾਡੇ ਵਿੱਚ ਦੀ ਬੋਲ ਸਕੇ। ਹੋਣ ਦੇ ਕਿ ਅਸੀਂ ਆਪਣੇ ਦਿਮਾਗ ਰੱਖੀਏ ਕਿ ਜਦ ਅਸੀਂ ਗਲੀਆਂ ਵਿੱਚ ਦੂਸਰਿਆਂ ਨਾਲ ਮੋਢੇ ਰਗੜ ਕੇ ਚੱਲਦੇ ਹਾਂ ਤਾਂ **ਅਸੀਂ ਉਨ੍ਹਾਂ ਵਰਗੇ ਨਹੀਂ ਬਣਨਾ ਹੈ,** ਅਸੀਂ ਲਾਂਭੇ ਹੋ ਜਾਈਏ ਅਤੇ ਉਨ੍ਹਾਂ ਨੂੰ

ਥਾਂ ਦੇਈਏ, ਪ੍ਰਭੂ, ਉਨ੍ਹਾਂ ਨੂੰ ਧਰਤੀ ਤੇ ਉਨ੍ਹਾਂ ਦੀ ਜਗ੍ਹਾ ਦੇਈਏ। ਅਤੇ ਅਸੀਂ ਪਿਛਲੀ ਜਗ੍ਹਾ ਲਵਾਂਗੇ, ਇਹ ਜਾਣਦੇ ਹੋਏ ਕਿ ਅਸੀਂ ਕਿਸੇ ਹੋਰ ਦੇਸ਼ ਦੇ ਪ੍ਰਤੀਨਿਧੀ ਹਾਂ, ਪ੍ਰਭੂ, ਸਾਡਾ ਰਾਜ ਉਹ ਹੈ ਜੋ ਸਾਮਰਥ ਵਿੱਚ ਆ ਰਿਹਾ ਹੈ। ਅਤੇ ਸਾਡਾ ਮਹਾਨ ਰਾਜਾ ਛੇਤੀ ਹੀ ਆਵੇਗਾ ਅਤੇ ਆਪਣੇ ਹੇਠਾਂ ਸਾਰੇ ਰਾਜਿਆਂ ਨੂੰ ਲਵੇਗਾ ਜੋ ਉਸਦੇ ਰਾਜ ਵਿੱਚ ਹਨ ਅਤੇ ਜਿੱਤਣ ਵਾਲੇ ਇਸ ਧਰਤੀ ਤੇ ਉਹਦੇ ਨਾਲ ਇੱਕ ਹਜ਼ਾਰ ਸਾਲ ਰਾਜ ਕਰਨਗੇ ਅਤੇ ਹਮੇਸ਼ਾ ਵਾਸਤੇ ਉਹਦੇ ਨਾਲ ਰਹਿਣਗੇ। [41]

ਹਵਾਲੇ :


[1]"ਯਿਸੂ ਵੱਲ ਤੱਕੋ" ( 63-1229E) ਸਫਾ 31,7

[2]"ਉਸਦੇ ਵਚਨ ਨੂੰ ਸਾਬਤ ਕਰਨਾ" (64-0816) ਪੈਰ੍ਹਾ 236

[3]"ਸ਼ਕਤੀਸ਼ਾਲੀ ਪ੍ਰਮੇਸ਼ੁਰ ਸਾਡੇ ਸਾਹਮਣੇ ਬੇਪਰਦਾ ਹੋਇਆ" (64-0629) ਸਫਾ21-22,15

[4]"ਅੰਤ ਸਮੇਂ ਦੇ ਮਸ੍ਹਾ ਕੀਤੇ ਹੋਏ"( 65-0725M) ਪੈਰ੍ਹਾ 269

[5]"ਨਿਰਾਸਤਾਵਾਂ" (63-0901E)ਪੈਰ੍ਹਾ 21-23

[6] "ਤੁਰ੍ਹੀਆਂ ਦਾ ਪਰਬ" ( 64-0719M) ਪੈਰ੍ਹਾ 243

[7] "ਦਰਸ਼ਣ ਕੀ ਹੈ?" ( 56-0408A) ਸਫਾ 18

[8] "ਦੋਸ਼ ਅਰੋਪਣ"(63-0707) ਸਫਾ 62

[9] "ਸਵਾਲ ਅਤੇ ਜਵਾਬ (64-0823M) ਸਫਾ 955

[10] "ਸਿੱਧ ਵਿਸ਼ਵਾਸ" (63-0825E) ਪੈਰ੍ਹਾ 184

[11] ਪ੍ਰਮੇਸ਼ੁਰ ਦਾ ਬੇਪਰਦਾ ਹੋਣਾ (64-0614M) ਪੈਰ੍ਹਾ 74, 77

[12] ਪਹਾੜ ਉੱਤੇ ਕੀ ਆਕਰਸ਼ਣ ਹੈ? (65-0725E) ਪੈਰ੍ਹਾ 119

[13] ਮਸੀਹ ਪ੍ਰਮੇਸ਼ੁਰ ਦੇ ਪ੍ਰਗਟ ਕੀਤੇ ਜਾਣ ਦਾ ਭੇਤ ਹੈ। (63-0728) ਸਫਾ 83-85

[14] ਇਸ ਯਿਸੂ ਦਾ ਮੈਂ ਕੀ ਕਰਾਂ? (64-1124M) ਪੈਰ੍ਹਾ 114-115

[15] ਤਿੰਨ ਕਿਸਮ ਦੇ ਵਿਸ਼ਵਾਸੀ (63-1124M) ਸਫਾ 15

[16] ਇਹ ਸੂਰਜ ਦਾ ਚੜ੍ਹਨਾ ਹੈ (65-0418) ਸਫਾ 15, 50-51, 29

[17] ਪਹਿਲੀ ਮੋਹਰ (63-0318) ਸਫਾ 128, 142

[18] ਲਾਉਦੀਕਿਆ ਦੀ ਕਲੀਸਿਯਾ ਦਾ ਯੁੱਗ ਕਲੀਸਿਯਾ ਦੇ ਯੁੱਗਾਂ ਦੀ ਕਿਤਾਬ ਸਫਾ, 327

[19] ਦਾਨੀਏਲ ਦਾ ਸੱਤਰਵਾਂ ਹਫਤਾ (61-0806 ਪੈਰ੍ਹਾ 67

[20] ਪ੍ਰਮੇਸ਼ੁਰ ਦੀ ਤਬਦੀਲ ਕਰਨ ਵਾਲੀ ਸਾਮਰਥ (65-0911) ਪੈਰ੍ਹਾ 243-244, 212-213, 111

[21] ਤਬਦੀਲ ਕਰਨ ਵਾਲੀ ਸਾਮਰਥ (65–1031M) ਪੈਰ੍ਹਾ 39, 45–48

[22] ਪ੍ਰਕਾਸ਼ ਦੀ ਪੋਥੀ 5 ਭਾਗ–1, ਕੁਚਲਿਆ ਹੋਇਆ ਸੱਪ (61–0611) ਪੈਰ੍ਹਾ 108

[23] ਇਹ ਮਹਾਨ ਯੋਧਾ ਦਾਊਦ ( 55–0118) ਪੈਰ੍ਹਾ 28,32

[24] ਯਹੋਵਾਹ ਯਿਰਹ (57–0326) ਪੈਰ੍ਹਾ 83

[25] ਪਵਿੱਤਰ ਆਤਮਾ ਕਿਉਂ ਦਿੱਤਾ ਗਿਆ ਸੀ ( 59–1217) ਪੈਰ੍ਹਾ 151

[26] ਦਬਾਅ ਮੁਕਤ ਹੋਣਾ (62–0518) ਪੈਰ੍ਹਾ 112

[27] ਦੁਲਹਨ ਰੂਪੀ ਰੁੱਖ ਦੀ ਬਹਾਲੀ ( 6–0422) ਸਫਾ 75

[28] ਅੰਤ ਸਮੇਂ ਦਾ ਖੁਸ਼ਖ਼ਬਰੀ ਦਾ ਪ੍ਰਚਾਰ ( 62–0603) ਪੈਰ੍ਹਾ 222

[29] ਤੀਸਰੀ ਮੋਹਰ ( 63–0320) ਸਫਾ 252–253

[30] ਯਹੋਵਾਹ ਯਿਰਹ (64–0402) ਪੈਰ੍ਹਾ 61

[31] ਸੁਰਗ ਤੇ ਉਠਾਏ ਜਾਣਾ ( 65–1204) ਪੈਰ੍ਹਾ 128,130,141,152,154

[32] ਇਸਰਾਏਲ ਅਤੇ ਕਲੀਸਿਯਾ ਭਾਗ–1 (53–0325) ਪੈਰ੍ਹਾ 1

[33] ਪ੍ਰਮੇਸ਼ੁਰ ਦੀ ਹਜੂਰੀ ਬੇਧਿਆਨ ਕੀਤੀ ਗਈ (64–0618) ਪੈਰ੍ਹਾ 4–5

[34] ਮੈਂ ਜਿੱਤ ਕਿਵੇਂ ਸੱਕਦਾ ਹਾਂ(63–0825M) ਪੈਰ੍ਹਾ 33

[35] ਮਸੀਹ ਦੀ ਲਾੜ੍ਹੀ ਦਾ ਅਣਡਿੱਠ ਮਿਲਾਪ ( 65–1125) ਸਫਾ 8

[36] ਨਿਸ਼ਾਨ ( 63–0911M) ਸਫਾ 10, 49–50, 59–60

[37] ਘਟਨਾਵਾਂ ਜਿਹੜੀਆਂ ਹੋਣ ਵਾਲੀਆਂ ਹਨ ( 65–1205) ਪੈਰ੍ਹਾ 20

[38] ਯਿਸੂ ਮਸੀਹ ਦਾ ਪ੍ਰਕਾਸ਼, ਕਲੀਸਿਯਾ ਦੇ ਯੁੱਗਾਂ ਦੀ ਕਿਤਾਬ ਸਫਾ 40

[39] ਤੀਸਰਾ ਕੂਚ (63–0603 M)ਸਫਾ 37,45

[40] ਨਾ ਡਰੋ, ਇਹ ਮੈਂ ਹਾਂ ( 60–0305) ਪੈਰ੍ਹਾ 2

[41] ਪੌਲੁਸ, ਮਸੀਹ ਦਾ ਕੈਦੀ (63–0717) ਸਫਾ 2